Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

Rs.10/-

# ਖੇਤੀ ਦੁਨੀਆਂ

All Subject to Patiala Jurisdiction.

www.khetiduniyan.in

Editor : Jagpreet Singh • RNI/42269/83 • Issue Dated 08-06-2024 • Vol.42 No.23 • Ph. : 0175-2214575, 90410-14575 • Page : 16 | E-mail : khetiduniyan1983@gmail.com

## ਸਰਕਾਰ ਨੇ ਕਣਕ ਉਤਪਾਦਨ ਦੇ ਅਨੁਮਾਨ ਨੂੰ ਸੋਧ ਕੇ ਰਿਕਾਰਡ 11.29 ਕਰੋੜ ਟਨ ਕੀਤਾ

ਸਰਕਾਰ ਨੇ ਆਪਣੇ ਤੀਜੇ ਅਨੁਮਾਨ ਵਿੱਚ ਫ਼ਸਲ ਸਾਲ 2023-24 (ਜੁਲਾਈ-ਜੂਨ) ਲਈ ਕਣਕ ਉਤਪਾਦਨ ਅਨੁਮਾਨ ਨੂੰ ਸੋਧ ਕੇ ਰਿਕਾਰਡ 11 ਕਰੋੜ 29.2 ਲੱਖ ਟਨ ਕਰ ਦਿੱਤਾ ਹੈ। ਖੇਤੀ ਮੰਤਰਾਲੇ ਨੇ ਕਿਹਾ ਕਿ ਉਤਪਾਦਨ, ਜਿਸ ਨੂੰ ਦੂਜੇ ਅਨੁਮਾਨ ਤੋਂ 9.1 ਲੱਖ ਟਨ ਉਪਰ ਵੱਲ ਸੰਸ਼ੋਧਿਤ ਕੀਤਾ ਗਿਆ ਹੈ, ਉਹ ਫ਼ਸਲ ਸਾਲ 2022-23 ਵਿੱਚ ਹਾਸਿਲ ਕੀਤੇ ਗਏ 11 ਕਰੋੜ 5.5 ਲੱਖ ਟਨ ਦੇ ਪਿਛਲੇ ਰਿਕਾਰਡ ਉੱਚ ਪੱਧਰ ਤੋਂ ਵੀ ਜ਼ਿਆਦਾ ਹੈ। ਮੁੱਖ ਰਬੀ (ਸਰਦੀਆਂ) ਦੀ ਫ਼ਸਲ ਕਣਕ ਦੀ ਕਟਾਈ ਹੋ ਚੁੱਕੀ ਹੈ ਅਤੇ ਕੇਂਦਰ ਸਰਕਾਰ ਵੱਲੋਂ ਘੱਟੋ ਘੱਟ ਸਮਰਥਨ ਮੁੱਲ 'ਤੇ 2.6 ਕਰੋੜ ਟਨ ਤੋਂ ਜ਼ਿਆਦਾ ਦੀ ਖਰੀਦ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਆਪਣੇ ਤੀਸਰੇ ਅਨੁਮਾਨ ਵਿੱਚ ਖੇਤੀ ਮੰਤਰਾਲੇ ਨੇ ਫ਼ਸਲ ਸਾਲ 2023-24 ਲਈ ਚੌਲਾਂ ਦੇ ਉਤਪਾਦਨ ਵਿੱਚ ਪਿਛਲੇ ਫਸਲ ਸਾਲ ਦੇ 13 ਕਰੋੜ 57.5 ਲੱਖ ਟਨ ਤੋਂ ਵੱਧ ਕੇ 13 ਕਰੋੜ 67 ਲੱਖ ਟਨ ਹੋਣ ਦਾ ਅਨੁਮਾਨ ਲਗਾਇਆ ਹੈ। ਕੁੱਲ ਅੰਨ ਉਤਪਾਦਨ ਸਾਲ 2022-23 ਵਿੱਚ ਪ੍ਰਾਪਤ ਸਤਰ ਦੀ ਦੀ ਤੁਲਨਾ ਵਿੱਚ ਥੋੜ੍ਹਾ ਘੱਟ ਭਾਵ 32 ਕਰੋੜ 88.5 ਲੱਖ ਟਨ ਹੋਣ ਦਾ ਅਨੁਮਾਨ ਹੈ, ਪਰੰਤੂ ਪਿਛਲੇ 5 ਸਾਲਾਂ ਦੇ ਔਸਤ 30 ਕਰੋੜ 77.5 ਲੱਖ ਟਨ ਤੋਂ 2.11 ਕਰੋੜ ਟਨ ਜ਼ਿਆਦਾ ਹੈ।

## ਪੰਜਾਬ 'ਚ ਕਣਕ ਦੀ ਬੰਪਰ ਪੈਦਾਵਾਰ ਸੰਗਰੂਰ ਜ਼ਿਲ੍ਹਾ ਰਿਹਾ ਮੋਹਰੀ

ਹਾੜ੍ਹੀ ਦੇ ਖਤਮ ਹੁੰਦੇ ਸੀਜ਼ਨ ਦੌਰਾਨ ਇਸ ਵਾਰ ਕਣਕ ਦੀ ਬੰਪਰ ਪੈਦਾਵਾਰ ਨੇ ਪਿਛਲੇ ਸਾਲਾਂ ਦਾ ਰਿਕਾਰਡ



ਤੋੜ ਦਿੱਤਾ ਹੈ। ਸੂਬੇ ਭਰ ਵਿੱਚ ਪਹਿਲੀ ਅਪ੍ਰੈਲ 2024 ਤੋਂ ਸ਼ੁਰੂ ਹੁੰਦੀ ਸਰਕਾਰੀ ਖਰੀਦ ਸੀਜ਼ਨ ਦੇ ਅਖੀਰਲੇ ਦਿਨ (31 ਮਈ, 2024) ਤੱਕ ਸੂਬੇ ਭਰ ਵਿੱਚ ਕਣਕ ਦੀ ਖਰੀਦ 1,32,11,235 ਮੀਟ੍ਰਿਕ ਟਨ ਹੋਈ ਹੈ, ਜੋ ਕਿ ਪਿਛਲੇ ਸਾਲ ਨਾਲੋਂ 6,35,196.28 ਲੱਖ ਮੀਟ੍ਰਿਕ ਟਨ ਵੱਧ ਹੈ। ਪਿਛਲੇ ਸੀਜ਼ਨ ਦੌਰਾਨ 1,25,73,316.53 ਮੀਟ੍ਰਿਕ ਟਨ ਪੈਦਾਵਾਰ ਹੋਈ ਸੀ। ਇਸ ਸਾਲ ਕਣਕ ਹੇਠ ਰਕਬਾ 35.08 ਲੱਖ ਹੈਕਟੇਅਰ ਸੀ, ਜਦੋਂ ਕਿ ਪਿਛਲੇ ਸਾਲ ਰਕਬਾ 35.17 ਲੱਖ ਹੈਕਟੇਅਰ ਸੀ ਅਤੇ ਪਿਛਲੇ ਸਾਲ ਨਾਲੋਂ ਰਕਬਾ ਘੱਟ ਹੋਣ ਦੇ ਬਾਵਜੂਦ ਵੀ ਪੈਦਾਵਾਰ ਵੱਧ ਹੁੰਦੀ ਹੈ।

ਇਸ ਸੀਜ਼ਨ ਦੌਰਾਨ ਖਰੀਦ ਏਜੰਸੀਆਂ ਵਿੱਚੋਂ ਪਨਗ੍ਰੇਨ ਨੇ ਸਭ ਤੋਂ ਵੱਧ 39,95,131 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ, ਜਦੋਂਕਿ ਐਫ. ਸੀ. ਆਈ. ਨੇ ਸਭ ਤੋਂ ਘੱਟ 3,27,867 ਮੀਟ੍ਰਿਕ ਟਨ ਕਣਕ ਖਰੀਦੀ ਸੀ, ਜੋ ਕਿ ਪ੍ਰਾਈਵੇਟ ਖਰੀਦ ਨਾਲੋਂ ਵੀ ਘੱਟ ਹੈ। ਇਸ ਸਾਲ ਵੀ ਸੰਗਰੂਰ ਜ਼ਿਲ੍ਹਾ ਸੂਬੇ ਭਰ ਵਿੱਚ ਸਭ ਤੋਂ ਮੋਹਰੀ ਰਿਹਾ, ਜਿੱਥੇ 12,40,685 ਟਨ ਕਣਕ ਦੀ ਪੈਦਾਵਾਰ ਹੋਈ।

ਜਾਣਕਾਰੀ ਅਨੁਸਾਰ ਮੌਸਮ ਦੇ ਅਨੁਕੂਲ ਰਹਿਣ ਕਾਰਨ ਕਣਕ ਦਾ ਝਾੜ ਪਿਛਲੇ ਸਾਲ ਨਾਲੋਂ 2 ਤੋਂ 5 ਕੁਇੰਟਲ ਤੱਕ ਪ੍ਰਤੀ ਏਕੜ ਵੱਧ ਨਿਕਲਿਆ ਹੈ, ਜਿਸ ਨਾਲ ਕਿਸਾਨ ਵੀ ਬਾਗੋ-ਬਾਗ ਹਨ। ਖੇਤੀਬਾੜੀ ਵਿਭਾਗ ਦਾ ਕਹਿਣਾ ਹੈ ਕਿ ਇਸ ਵਾਰ ਔਸਤ ਝਾੜ 22 ਕੁਇੰਟਲ ਨਿਕਲਿਆ ਹੈ, ਜੋ ਕਿ ਪਿਛਲੇ ਸਾਲ 19 ਕੁਇੰਟਲ ਪ੍ਰਤੀ ਏਕੜ ਸੀ, ਨਾਲੋਂ 3 ਕੁਇੰਟਲ ਵੱਧ ਹੈ, ਪਰ ਆਮ ਕਿਸਾਨਾਂ ਦਾ ਕਹਿਣਾ ਸੀ ਕਿ ਝਾੜ 3 ਤੋਂ 5 ਕੁਇੰਟਲ ਤੱਕ ਵੱਧ ਨਿਕਲਿਆ ਹੈ।



### ਕਿੰਝ ਕਰੀਏ

## ਝੋਨੇ ਦੀ ਪਨੀਰੀ ਦੀ ਬਿਜਾਈ ਉਪਰੰਤ ਸਾਂਭ ਸੰਭਾਲ

★ ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਓ ਤਾਂ ਜੋ 25-30 ਦਿਨਾਂ ਦੀ ਪਨੀਰੀ ਲਾਉਣ ਲਈ ਤਿਆਰ ਹੋ ਜਾਵੇ। ਜੇਕਰ ਕਿਸੇ ਕਾਰਨ ਕਰਕੇ 45 ਦਿਨਾਂ ਤੋਂ ਵੱਧ ਉਮਰ ਦੀ ਪਨੀਰੀ ਲਾਉਣ ਦੀ ਲੋੜ ਪੈਂਦੀ ਹੈ ਤਾਂ ਬਿਜਾਈ ਤੋਂ 4 ਹਫਤੇ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਦੀ ਇੱਕ ਹੋਰ ਕਿਸ਼ਤ ਪਾਓ।

★ ਜੇਕਰ ਪਨੀਰੀ ਵਿਚ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਦਿਸੇ ਤਾਂ ਸਿਫਾਰਸ਼ ਕੀਤੇ ਢੰਗ ਵਰਤੋ।

★ ਪਨੀਰੀ ਨੂੰ ਲਗਾਤਾਰ ਪਾਣੀ ਦਿੰਦੇ ਰਹੋ।

★ ਜਦ ਪਨੀਰੀ 20-25 ਸੈਂਟੀਮੀਟਰ ਉੱਚੀ ਜਾਂ 6-7 ਪੱਤਿਆਂ ਵਾਲੀ ਹੋ ਜਾਵੇ ਤਾਂ ਸਮਝੋ ਪਨੀਰੀ ਲਾਉਣ ਲਈ ਤਿਆਰ ਹੈ।

★ ਜੇਕਰ ਪਨੀਰੀ ਦੇ ਨਵੇਂ ਪੱਤੇ ਪੀਲੇ ਪੈ ਜਾਣ ਤਾਂ ਅੱਧੇ ਤੋਂ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਹਫਤੇ-ਹਫਤੇ ਦੇ ਫਰਕ ਤੇ 3 ਛਿੜਕਾਅ ਕਰੋ।

★ ਜੇਕਰ ਪਨੀਰੀ ਤੇ ਜ਼ਿੰਕ ਦੀ ਘਾਟ ਜਾਪੇ (ਪੁਰਾਣੇ ਪੱਤੇ ਜੰਗਾਲੇ ਹੋ ਜਾਂਦੇ ਹਨ) ਤਾਂ ਅੱਧਾ ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਜਾਂ 300 ਗ੍ਰਾਮ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਨੂੰ 100 ਲਿਟਰ ਪਾਣੀ ਵਿਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

★ ਝੋਨੇ ਦੀ ਪਨੀਰੀ ਤਿਆਰ ਕਰਨ ਸਮੇਂ ਸੁਆਂਕ ਅਤੇ ਕਈ ਤਰ੍ਹਾਂ ਦੇ ਮੌਸਮੀ ਘਾਹ ਵੱਡੀ ਸਮੱਸਿਆ ਪੈਦਾ ਕਰਦੇ ਹਨ। ਇਹਨਾਂ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਮਿਲੀਲਿਟਰ ਬੂਟਾਕਲੋਰ 50 ਈ ਸੀ ਦੇ ਸਿਫਾਰਿਸ਼ ਕੀਤੇ ਵੱਖ ਵੱਖ ਬਰਾਂਡਾਂ ਵਿਚੋਂ ਕਿਸੇ ਇਕ ਨੂੰ 60 ਕਿਲੋ ਰੇਤ ਵਿਚ ਮਿਲਾ ਕੇ ਬਿਜਾਈ ਤੋਂ 7 ਦਿਨਾਂ ਪਿੱਛੋਂ ਛੱਟਾ ਦਿਓ ਜਾਂ 500 ਮਿਲੀਲਿਟਰ ਸੋਫਿਟ 37.5 ਈ ਸੀ (ਪ੍ਰੈਟੀਲਾਕਲੋਰ +ਸੇਫਨਰ ਮਿਲੀਆਂ ਹੋਈਆਂ) ਨੂੰ ਰੇਤ ਵਿਚ ਕਿਲਾ ਕੇ ਬਿਜਾਈ ਤੋਂ 3 ਦਿਨਾਂ ਪਿੱਛੋਂ ਛੱਟਾ ਦਿਓ ਜਾਂ 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀ ਗੋਲਡ / ਵਾਸ਼ ਆਊਟ / ਮਾਚੋ / ਤਾਰਕ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 150 ਲਿਟਰ ਪਾਣੀ ਵਿਚ ਘੋਲ ਕੇ ਬਿਜਾਈ ਤੋਂ 15-20 ਦਿਨਾਂ ਪਿੱਛੋਂ ਛਿੜਕਾਅ ਕਰੋ।

**ਸਵਰਨਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ, ਮੋਬਾ: 98152-89992**




## ਅੰਦਰ ਪੜ੍ਹੋ



ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਅਤੇ ਆਮਦਨ



ਝੋਨੇ ਦੀ ਮਸ਼ੀਨੀ ਲਵਾਈ ਲਈ ਮੈਟ ਟਾਈਪ ਪਨੀਰੀ ਤਿਆਰ ਕਰਨ ਦੀ ਵਿਧੀ



ਅਲੋਪ ਹੋ ਰਹੀ ਗੁੱਡੀਆਂ ਦੀ ਕਲਾ ਅਤੇ ਸੱਭਿਆਚਾਰ ਨੂੰ ਸੰਭਾਲਣ ਦਾ ਸਫਲ ਯਤਨ



# ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਅਤੇ ਆਮਦਨ

ਬ੍ਰਿਸ਼ ਭਾਨ ਬੁਜਰਕ

ਪੰਜਾਬ ਅੰਦਰ ਖੇਤੀ ਦੇ ਖੇਤਰ ਵਿਚ ਮਜ਼ਦੂਰਾਂ ਦੀ ਘਾਟ ਮਹਿਸੂਸ ਹੋਣੀ ਆਮ ਜਿਹੀ ਗੱਲ ਹੋ ਗਈ ਹੈ। ਕਿਉਂਕਿ ਕਿਸਾਨਾਂ ਦੇ ਆਪਣੇ ਬੱਚੇ ਜਾਂ ਤਾਂ ਵਿਦੇਸ਼ ਚਲੇ ਗਏ ਹਨ ਜਾਂ ਫਿਰ ਖੇਤੀ ਦਾ ਧੰਦਾ ਖੁਦ ਨਹੀਂ ਕਰਨਾ ਚਾਹੁੰਦੇ। ਕੁਝ ਕੁ ਕਿਸਾਨ ਪਰਿਵਾਰ ਅਜਿਹੇ ਵੇਖੇ ਜਾ ਸਕਦੇ ਹਨ, ਜਿਨ੍ਹਾਂ ਦੇ ਬੱਚੇ ਖੇਤੀ ਦਾ ਧੰਦਾ ਕਰਦੇ ਹਨ। ਉਹ ਆਰਥਿਕ ਪੱਖੋਂ ਵੀ ਪੂਰੀ ਤਰ੍ਹਾਂ ਖੁਸ਼ਹਾਲ ਹਨ।

ਕਿਉਂਕਿ ਖੇਤੀ ਦੇ ਧੰਦੇ ਨਾਲ ਜੁੜਨ ਕਰਕੇ ਇਕ ਤਾਂ ਨਸ਼ਿਆਂ ਤੋਂ ਬਚੇ ਰਹਿੰਦੇ ਹਨ, ਦੂਸਰਾ ਕਿਸੇ ਦੂਸਰੇ ਦੇ ਜਾ ਕੇ ਦਿਹਾੜੀ ਕਰਨ ਦੀ ਬਜਾਏ ਆਪਣੇ ਖੇਤਾਂ 'ਚ ਕੰਮ ਕੀਤਾ ਜਾ ਸਕਦਾ ਹੈ। ਗੱਲ ਚਾਹੇ ਦੇਸ਼ ਦੀ ਹੋਵੇ ਜਾਂ ਵਿਦੇਸ਼ ਦੀ..... ਆਪਣਾ ਕੰਮ ਅਤੇ ਦੂਸਰੇ ਦੇ ਦਿਹਾੜੀ ਕਰਨ ਵਿਚ ਬਹੁਤ ਵੱਡਾ ਫਰਕ ਹੁੰਦਾ ਹੈ। 90 ਤੋਂ ਮਗਰਲੇ ਸਾਲਾਂ ਦੌਰਾਨ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਘਰ ਅਤੇ ਖੇਤਾਂ ਵਿਚ ਕੰਮ ਕਰਦੇ ਸਨ। ਬੱਚੇ ਅਤੇ ਬਜ਼ੁਰਗ ਖੇਤ/ਬੰਨੇ ਮੱਝਾਂ ਚਰਾ ਕੇ ਲਿਆਉਂਦੇ ਸਨ ਤਾਂ ਬਾਕੀ ਦਾ ਪਰਿਵਾਰ ਰੋਟੀ-ਟੁੱਕ ਤੋਂ ਲੈ ਕੇ ਕਪਾਹ/ਨਰਮੇ ਦੀ ਚੁਗਾਈ, ਮਿਰਚਾਂ ਦੀ ਤੁੜਾਈ ਅਤੇ ਮੌਸਮ ਦੇ ਅਨੁਸਾਰ ਖੇਤ ਦਾ ਹਰ ਕੰਮ ਕੀਤਾ ਜਾਂਦਾ ਸੀ। ਜਿਸ ਕਰਕੇ ਖੇਤੀ ਲਾਹੇਵੰਦ ਧੰਦਾ ਸੀ।

ਪਰ ਹੁਣ ਖੇਤੀ ਦੇ ਹਰ ਖੇਤਰ ਵਿਚ ਮਸ਼ੀਨਾਂ ਦਾ ਬੋਲਬਾਲਾ ਹੈ। ਮੂੰਗਫਲੀ ਬੀਜਣਾ, ਮੂੰਗੀ ਬੀਜਣਾ, ਕਮਾਦ ਬੀਜਣਾ, ਝੋਨਾ ਲਗਾਉਣ ਆਦਿ ਤੋਂ ਲੈ ਕੇ ਹਰ ਫਸਲ ਲਈ ਮਸ਼ੀਨਰੀ ਦੀ ਵਰਤੋਂ ਹੋਣ ਲੱਗ ਪਈ ਹੈ। ਹੁਣ ਪੰਜਾਬ ਅੰਦਰ ਝੋਨੇ ਦੀ ਲਵਾਈ ਸ਼ੁਰੂ ਹੋ ਚੁੱਕੀ ਹੈ ਪਰ ਮਜ਼ਦੂਰਾਂ ਦੀ ਘਾਟ ਰੜਕਦੀ ਰਹਿੰਦੀ ਹੈ। ਪੇਂਡੂ ਖੇਤਰਾਂ ਵਿਚ ਤਾਂ ਮਜ਼ਦੂਰ ਭਾਲਿਆਂ ਵੀ ਨਹੀਂ ਲੱਭਦਾ, ਕਿਉਂਕਿ ਨਵੇਂ ਮੁੰਡਿਆਂ ਲਈ ਸ਼ਹਿਰੀਕਰਨ ਵਿਚ ਮਕੈਨੀਕਲ ਕੰਮਾਂ ਦੀ ਕੋਈ ਘਾਟ ਨਹੀਂ ਹੈ। ਜਿਸ ਕਰਕੇ ਹੁਣ ਝੋਨਾ ਲਗਾਉਣ ਵਾਲੀ ਮਸ਼ੀਨ ਦੀ ਵਰਤੋਂ ਦਾ ਰੁਝਾਨ ਵਧਦਾ ਜਾ ਰਿਹਾ ਹੈ। ਭਾਵੇਂ ਇਸ ਵਾਰ ਝੋਨੇ ਦੀ ਸਿੱਧੀ ਬਿਜਾਈ ਵੀ ਕੀਤੀ ਗਈ ਹੈ। ਫਿਰ ਵੀ ਝੋਨਾ ਲਗਾਉਣਾ ਬਹੁਤ ਗਿਣਤੀ ਕਿਸਾਨਾਂ ਦੀ ਮਜਬੂਰੀ ਹੈ। 50 ਏਕੜ ਤੋਂ ਜ਼ਿਆਦਾ ਝੋਨਾ ਲਗਾਉਣ ਵਾਲੇ ਕਿਸਾਨਾਂ ਨੂੰ ਮਜ਼ਦੂਰਾਂ ਦੀ ਸਮੱਸਿਆ ਆ ਰਹੀ ਹੈ। ਜਿਸ ਕਰਕੇ ਉਨ੍ਹਾਂ ਲਈ ਝੋਨਾ ਲਗਾਉਣ ਵਾਲੀ ਮਸ਼ੀਨ ਲਾਹੇਵੰਦ ਸਿੱਧ ਹੋ ਸਕਦੀ ਹੈ। ਇਹ ਮਸ਼ੀਨ ਕੰਬਾਇਨ, ਜ਼ੀਰੋ ਡਰਿੱਲ ਅਤੇ ਹੋਰ ਖੇਤੀ ਮਸ਼ੀਨਰੀ ਨਾਲੋਂ ਕਿਤੇ ਵਧੀਆ ਹੈ, ਕਿਉਂਕਿ 50 ਏਕੜ ਅਤੇ ਇਸ ਤੋਂ ਜ਼ਿਆਦਾ ਝੋਨਾ ਲਗਾਉਣ ਵਾਲੀ ਇਸ ਮਸ਼ੀਨ ਨੂੰ ਖਰੀਦਿਆ ਵੀ ਜਾ ਸਕਦਾ ਹੈ। ਖੇਤੀਬਾੜੀ ਵਿਭਾਗ ਵੱਲੋਂ ਇਸ ਮਸ਼ੀਨ 'ਤੇ ਸਬਸਿਡੀ ਵੀ ਦਿੱਤੀ ਜਾਂਦੀ ਹੈ। ਮਜ਼ਦੂਰਾਂ ਵੱਲੋਂ ਪ੍ਰਤੀ ਏਕੜ ਝੋਨੇ ਦੀ ਲਵਾਈ ਬਦਲੇ ਇਹ ਮਸ਼ੀਨ ਸਸਤੀ ਪੈਂਦੀ ਹੈ। ਬੇਸ਼ੱਕ ਪੰਜਾਬ ਵਿਚ ਹੱਥੀਂ ਕੰਮ ਕਰਵਾਉਣ ਲਈ ਮਜ਼ਦੂਰਾਂ ਨੂੰ ਪਹਿਲ ਦੇਣੀ ਚਾਹੀਦੀ ਹੈ, ਪਰ ਮਜ਼ਦੂਰ ਬਹੁਤ ਘੱਟ ਮਿਲਦੇ ਹਨ।

ਜ਼ਿਲ੍ਹਾ ਪਟਿਆਲੇ ਦੀ ਤਹਿਸੀਲ ਸਮਾਣਾ ਨੇੜੇ ਪੈਂਦੇ ਪਿੰਡ ਜੌੜਾਮਾਜਰਾ ਦੇ ਕਿਸਾਨ ਕੇਵਲ ਸਿੰਘ ਆਪਣੇ ਖੇਤਾਂ ਵਿਚ ਮਸ਼ੀਨ ਨਾਲ ਝੋਨਾ ਲਗਾਉਣ ਦੇ ਨਾਲ ਹੀ ਹੋਰ ਕਿਸਾਨਾਂ ਦੇ ਖੇਤਾਂ ਵਿਚ ਮਸ਼ੀਨ ਨਾਲ ਝੋਨਾ ਲਗਾਉਂਦਾ ਹੈ। ਸਾਲ 2018 ਵਿਚ ਕੇਵਲ ਸਿੰਘ ਝੋਨਾ ਲਗਾਉਣ ਵਾਲੀ ਇਕ ਮਸ਼ੀਨ ਲੈ ਕੇ ਆਇਆ ਸੀ। ਉਸ ਨਾਲ ਝੋਨੇ ਦੀ ਲਵਾਈ ਕਰਕੇ ਕਮਾਏ ਹੋਏ ਪੈਸਿਆਂ ਨਾਲ ਇਕ ਹੋਰ ਮਸ਼ੀਨ ਲੈ ਆਇਆ। ਹੁਣ ਉਸ ਕੋਲ ਝੋਨਾ ਲਗਾਉਣ ਵਾਲੀਆਂ ਦੋ ਮਸ਼ੀਨਾਂ ਹਨ ਅਤੇ ਇੱਕੋ ਵੇਲੇ ਕਿਸਾਨ ਦੇ ਖੇਤ ਵਿਚ ਦੋਨੋਂ ਮਸ਼ੀਨਾਂ ਇਕੱਠੀਆਂ ਚਲਦੀਆਂ ਹਨ। ਇਕ ਦਿਨ 'ਚ ਇਕ ਮਸ਼ੀਨ ਤਕਰੀਬਨ 5 ਏਕੜ ਝੋਨਾ ਲਗਾ ਦਿੰਦੀ ਹੈ। ਆਪਣੀ ਪਨੀਰੀ ਸਮੇਤ ਪ੍ਰਤੀ ਏਕੜ ਦਾ



3500 ਰੁਪਏ ਲੈਂਦੇ ਹਨ। ਜਦੋਂ ਦੋਨੋਂ ਮਸ਼ੀਨਾਂ ਇਕੱਠੀਆਂ ਚਲਦੀਆਂ ਹੋਣ ਤਾਂ ਝੋਨੇ ਦਾ ਸੀਜ਼ਨ ਵਧੀਆ ਲੱਗਦਾ ਹੈ।

ਕੇਵਲ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਉਨ੍ਹਾਂ ਨੇ ਸਵਾ ਸੌ ਏਕੜ ਝੋਨਾ ਮਸ਼ੀਨਾਂ ਨਾਲ ਲਗਾਇਆ ਸੀ। ਮਸ਼ੀਨ ਨਾਲ ਝੋਨਾ ਲਗਾਉਣ ਨਾਲ ਪ੍ਰਤੀ ਏਕੜ 3 ਕੁਇੰਟਲ ਝਾੜ ਵੀ ਵਧਦਾ ਹੈ ਅਤੇ ਇਕ ਏਕੜ ਦਾ ਝੋਨਾ ਲਗਾਉਣ ਲਈ 3/4 ਲਿਟਰ ਪੈਟਰੋਲ ਦੀ ਖਪਤ ਕਰਦੀ ਹੈ। ਜਿਸ ਕਰਕੇ ਝੋਨਾ ਲਗਾਉਣ ਵਾਲੀ ਮਸ਼ੀਨ ਤੋਂ ਘੱਟ ਖਰਚਾ ਕਿਸੇ ਵੀ ਢੰਗ ਨਾਲ ਨਹੀਂ ਆਉਂਦਾ। ਸਿਰਫ ਮਸ਼ੀਨ ਰਾਹੀਂ ਪਨੀਰੀ ਬਿਜਾਈ ਕਰਨ 'ਤੇ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪੈਂਦੀ ਹੈ, ਕਿਉਂਕਿ ਮਿੱਟੀ ਦੇ ਬੈੱਡ ਬਣਾ ਕੇ ਪਲਾਸਟਿਕ ਦੀ ਸ਼ੀਟ 'ਤੇ ਝੋਨੇ ਦੀ ਪਨੀਰੀ ਬੀਜਣੀ ਪੈਂਦੀ ਹੈ। ਜਿਸ ਕਰਕੇ ਪਨੀਰੀ ਬੀਜਣ 'ਤੇ ਮਿਹਨਤ ਜ਼ਿਆਦਾ ਹੈ। ਬੈੱਡਾਂ 'ਤੇ ਬੀਜੀ ਹੋਈ ਪਨੀਰੀ ਹੀ ਮਸ਼ੀਨ 'ਚ ਰੱਖ ਕੇ ਲਵਾਈ ਸ਼ੁਰੂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਝੋਨਾ ਲਗਾਉਣ ਵਾਲੀ ਮਸ਼ੀਨ ਦੀ ਸਾਂਭ-ਸੰਭਾਲ ਲਈ ਪਹਿਲਾਂ ਤਾਂ ਕੰਪਨੀ ਕੋਲ ਜਾਣਾ ਪੈਂਦਾ ਸੀ ਪਰ ਹੁਣ ਮਸ਼ੀਨਾਂ 'ਚ ਥੋੜ੍ਹੀ ਬਹੁਤ ਖਰਾਬੀ ਆਉਣ 'ਤੇ ਖੁਦ ਹੀ ਠੀਕ ਕਰ ਲੈਂਦੇ ਹਨ। ਕੁਲ ਮਿਲਾ ਕੇ ਮਜ਼ਦੂਰਾਂ ਦੀ ਘਾਟ ਨੂੰ ਪੂਰਾ ਕਰਨ ਲਈ ਝੋਨਾ ਲਗਾਉਣ ਵਾਲੀ ਮਸ਼ੀਨ ਕਿਸਾਨਾਂ ਲਈ ਲਾਹੇਵੰਦ ਹੈ।

# ਗਰਮ ਰੁੱਤ ਵਿੱਚ ਪਸ਼ੂਆਂ ਦੀ ਸਾਂਭ-ਸੰਭਾਲ

**ਪਸ਼ੂ ਢਾਰਿਆਂ ਦਾ ਪ੍ਰਬੰਧ** : ਪਸ਼ੂਆਂ ਲਈ ਢਾਰਿਆਂ ਦੀ ਲੰਬਾਈ ਉੱਤਰ-ਦੱਖਣ ਦਿਸ਼ਾ ਵੱਲ ਹੋਣੀ ਚਾਹੀਦੀ ਹੈ। ਢਾਰਿਆਂ ਦੇ ਕੋਲ ਛਾਂਦਾਰ ਦਰਖਤਾਂ ਨੂੰ ਤਰਜੀਹ ਦਿਓ



ਜਿਸ ਨਾਲ ਤੇਜ਼ ਧੁੱਪ ਅਤੇ ਲੂ ਤੋਂ ਪਸ਼ੂਆਂ ਨੂੰ ਬਚਾਇਆ ਜਾ ਸਕੇ। ਪਸ਼ੂ ਢਾਰੇ ਵਿਚ ਗਰਮ ਹਵਾ ਦੇ ਸਿੱਧੇ ਵੇਗ ਨੂੰ ਰੋਕਣ ਲਈ ਬੋਰੀਆਂ ਜਾਂ ਪੱਲੀਆਂ ਦੀ ਵਰਤੋਂ ਕਰੋ ਅਤੇ ਖਿੜਕੀਆਂ ਤੇ ਇਨ੍ਹਾਂ ਪੱਲੀਆਂ ਨੂੰ ਗਿੱਲਾ ਕਰ ਕੇ ਟੰਗ ਦਿਓ ਤਾਂ ਜੋ ਢਾਰਿਆਂ ਵਿਚ ਠੰਡਕ ਬਣੀ ਰਹੇ। ਪਸ਼ੂ ਘਰਾਂ ਦੀ ਸਮਰੱਥਾ ਦੇ ਮੁਤਾਬਿਕ ਹੀ ਪਸ਼ੂਆਂ ਨੂੰ ਰੱਖਣਾ ਚਾਹੀਦਾ ਹੈ। ਪਸ਼ੂ ਘਰਾਂ ਦੀ ਛੱਤ ਜੇ ਕੰਕਰੀਟ ਜਾਂ ਐਸਬੈਟਸ ਦੀ ਬਣੀ ਹੋਵੇ ਤਾਂ ਉਸਦੇ ਉੱਪਰ 4-6 ਇੰਚ ਤੱਕ ਘਾਹ ਦੀ ਪਰਤ ਵਿਛਾ ਦੇਣੀ ਚਾਹੀਦੀ ਹੈ। ਗਰਮੀ ਤੋਂ ਬਚਾਉ ਤੇ ਪੱਖੇ, ਕੂਲਰ, ਫੋਗਰ ਆਦਿ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

**ਖੁਰਾਕ ਦਾ ਪ੍ਰਬੰਧ** : ਗਰਮੀ ਤੇ ਮੌਸਮ ਵਿਚ ਦੁੱਧ ਉਤਪਾਦਨ ਅਤੇ ਪਸ਼ੂਆਂ ਦੀ ਸ਼ਰੀਰਕ ਸ਼ਮਤਾ ਬਣਾਈ ਰੱਖਣ ਦੇ ਲਈ ਪਸ਼ੂ ਖੁਰਾਕ ਦਾ ਮਹੱਤਵਪੂਰਨ ਯੋਗਦਾਨ ਹੈ। ਪਸ਼ੂ ਖੁਰਾਕ ਵਿਚ ਗਰਮ ਮੌਸਮ ਵਿਚ ਹਰੇ ਚਾਰੇ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਇਸ ਵਿਚ 70-90% ਪਾਣੀ ਦੀ ਮਾਤਰਾ ਹੁੰਦੀ ਹੈ ਜਿਸ ਨਾਲ ਪਸ਼ੂਆਂ ਦੀ ਪਾਣੀ ਦੀ ਲੋੜ ਪੂਰੀ ਹੁੰਦੀ ਹੈ। ਗਰਮ ਮੌਸਮ ਵਿਚ ਸਾਰਾ ਸਾਲ ਹਰੇ ਚਾਰੇ ਦੀ ਉਪਲੱਬਧਤਾ ਲਈ ਚਾਰੇ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਇਸ ਵਾਸਤੇ ਹੇਅ ਅਤੇ ਸਾਈਲੇਜ ਤਿਆਰ ਕੀਤਾ ਜਾ ਸਕਦਾ ਹੈ। ਸੰਤੁਲਿਤ ਵੰਡ ਦੀ ਵਰਤੋਂ ਕਰੋ ਤਾਂ ਜੋ ਕਿਸੇ ਵੀ ਖੁਰਾਕੀ ਤੱਤ ਦੀ ਘਾਟ ਕਾਰਣ ਪਸ਼ੂ ਦੀ ਸਿਹਤ ਜਾਂ ਉਤਪਾਦਨ ਤੇ ਮਾੜਾ ਅਸਰ ਨਾ ਪਵੇ।

**ਪਾਣੀ ਦਾ ਪ੍ਰਬੰਧ** : ਗਰਮੀ ਤੇ ਮੌਸਮ ਵਿਚ ਪਸ਼ੂਆਂ ਨੂੰ ਸਾਫ ਸੁਥਰਾ ਪਾਣੀ ਲੋੜ ਮੁਤਾਬਿਕ ਦਿਨ ਵਿਚ ਹਰ ਸਮੇਂ ਉਪਲੱਬਧ ਹੋਣਾ ਚਾਹੀਦਾ ਹੈ ਤਾਂ ਜੋ ਪਸ਼ੂ ਦੇ ਸਰੀਰ ਦਾ ਤਾਪਮਾਨ ਠੀਕ ਰੱਖਿਆ ਜਾ ਸਕੇ। ਇਸਤੋਂ ਇਲਾਵਾ ਪਾਣੀ ਵਿਚ ਇਲੈਕਟ੍ਰਲ ਪਾਊਡਰ 50-60 ਗ੍ਰਾਮ ਦੀ ਵਰਤੋਂ ਵੀ ਕਰਨੀ ਚਾਹੀਦੀ ਹੈ। ਪਸ਼ੂ ਨੂੰ ਦਿਨ ਵਿਚ 2-3 ਵਾਰ ਨਵਾਉ। ਦੋਗਲੇ ਪਸ਼ੂਆਂ ਦੀ ਉਤਪਾਦਨ ਸਮਰੱਥਾ ਬਣਾਈ ਰੱਖਣ ਲਈ ਗਰਮੀਆਂ ਵਿਚ ਉਨ੍ਹਾਂ ਲਈ ਖਾਸ ਪ੍ਰਬੰਧ ਬਹੁਤ ਜ਼ਰੂਰੀ ਹੈ।

**ਵਿਟਾਮਿਨ ਅਤੇ ਖਣਿਜ ਪਦਾਰਥਾਂ ਦੀ ਵਰਤੋਂ** : ਗਰਮੀ ਤੇ ਮੌਸਮ ਵਿਚ ਪਸ਼ੂਆਂ ਨੂੰ ਤਣਾਅ ਤੋਂ ਬਚਾਉਣ ਲਈ ਵਿਟਾਮਿਨ-ਖਣਿਜ ਮਿਸ਼ਰਣ ਦੀ ਵਰਤੋਂ ਵੱਡੇ ਪਸ਼ੂਆਂ ਵਿਚ 30-50 ਗ੍ਰਾਮ ਅਤੇ ਛੋਟੇ ਪਸ਼ੂਆਂ ਵਿਚ 15-25 ਗ੍ਰਾਮ ਕਰੋ।

**ਸਿਹਤ ਪ੍ਰਬੰਧ** : ਗਰਮ ਮੌਸਮ ਵਿਚ ਪਸ਼ੂਆਂ ਦੇ ਬਿਮਾਰ ਹੋਣ ਦੀ ਦਰ ਵੱਧ ਜਾਂਦੀ ਹੈ। ਬਦਹਜ਼ਮੀ ਹੋਣਾ, ਲੂ ਲੱਗਣਾ, ਥਨੈਲਾ, ਬਾਹਰੀ ਪਰਜੀਵੀਆਂ ਦਾ ਹਮਲਾ, ਪ੍ਰੋਟੋਜੋਅਲ ਬਿਮਾਰੀਆਂ, ਜੀਵਾਣੂੰ ਅਤੇ ਵੀਸ਼ਾਣੂੰ ਨਾਲ ਹੋਣ ਵਾਲੇ ਰੋਗ ਵੀ ਵੱਧ ਜਾਂਦੇ ਹਨ। ਸੋ ਸਮੇਂ ਸਮੇਂ ਤੇ ਟੀਕਾਕਰਣ ਕਰੋ, ਮਲੱਪਾਂ ਦੀ ਦਵਾਈ ਦਿੰਦੇ ਰਹੋ ਅਤੇ ਚਿਚੜੀਆਂ ਤੋਂ ਬਚਾਉ ਲਈ ਅਮਿਤਰਾਜ, ਮੈਲਾਥਿਉਣ ਆਦਿ ਦਵਾਈਆਂ ਦੀ ਵਰਤੋਂ ਵੀ ਡਾਕਟਰ ਦੀ ਸਲਾਹ ਨਾਲ ਕਰੋ।

**ਮਧੂ ਸ਼ੈਲੀ, ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ. ਲੁਧਿਆਣਾ**
**ਮੋਬਾਇਲ : 9643442427**

# ਬਾਸਮਤੀ ਦੀ ਜੈਵਿਕ ਕਾਸ਼ਤ ਕਿਵੇਂ ਕੀਤੀ ਜਾਵੇ?

ਅਮਨਦੀਪ ਸਿੰਘ ਸਿੱਧੂ, ਵਜਿੰਦਰ ਪਾਲ ਕਾਲੜਾ ਅਤੇ
ਸੋਹਨ ਸਿੰਘ ਵਾਲੀਆ, ਸਕੂਲ ਆਫ ਆਰਗੈਨਿਕ ਫਾਰਮਿੰਗ



**ਪੰਜਾਬ ਵਿਚ ਪੈਦਾ ਕੀਤੀ ਬਾਸਮਤੀ ਦਾ ਜੀ. ਆਈ. (ਭੂਗੋਲਿਕ ਸੰਕੇਤ) ਟੈਗ ਦੇ ਨਿਰਯਾਤ ਮੁੱਲ ਨੂੰ ਹੋਰ ਵੀ ਵਧਾਉਂਦਾ ਹੈ। ਲਗਾਤਾਰ ਵੱਧ ਰਹੀ ਨਿਰਯਾਤ ਮੰਗ ਦੇ ਕਾਰਨ ਕਿਸਾਨਾਂ ਨੇ ਵੀ ਬਾਸਮਤੀ ਹੇਠ ਰਕਬਾ ਵਧਾਉਣਾ ਸ਼ੁਰੂ ਕੀਤਾ ਹੈ। ਨਿਰਯਾਤ ਕੀਤੀ ਗਈ ਬਾਸਮਤੀ ਵਿਚ ਖੇਤੀ ਰਸਾਇਣਾਂ ਦੀ ਰਹਿੰਦ-ਖੂੰਹਦ ਆਉਣ ਕਰਕੇ ਅਕਸਰ ਇਸ ਦੇ ਮੰਡੀਕਰਨ ਅਤੇ ਭੁਗਤਾਨ ਸੰਬੰਧੀ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ। ਜੋ ਕਿ ਕਈ ਵਾਰ ਨਿਰਯਾਤ ਤੇ ਪਾਬੰਦੀਆਂ ਦਾ ਕਾਰਨ ਬਣਦੀਆਂ ਹਨ।**

ਬਾਸਮਤੀ ਸਾਡੇ ਖਿੱਤੇ ਦਾ ਇਕ ਖਾਸ ਉਤਪਾਦ ਹੈ। ਜਿਸ ਦੀ ਉੱਤਮ ਗੁਣਵੱਤਾ ਅਤੇ ਖੁਸ਼ਬੂ ਕਾਰਨ ਇਸ ਨੂੰ ਨਿਰਯਾਤ ਕੀਤੇ ਜਾਣ ਵਾਲੇ ਉਤਪਾਦਾਂ ਵਿਚ ਇਕ ਮਹੱਤਵਪੂਰਨ ਸਥਾਨ ਹਾਸਲ ਹੈ। ਪੰਜਾਬ ਵਿਚ ਪੈਦਾ ਕੀਤੀ ਬਾਸਮਤੀ



ਦਾ ਜੀ. ਆਈ. (ਭੂਗੋਲਿਕ ਸੰਕੇਤ) ਟੈਗ ਦੇ ਨਿਰਯਾਤ ਮੁੱਲ ਨੂੰ ਹੋਰ ਵੀ ਵਧਾਉਂਦਾ ਹੈ। ਲਗਾਤਾਰ ਵੱਧ ਰਹੀ ਨਿਰਯਾਤ ਮੰਗ ਦੇ ਕਾਰਨ ਕਿਸਾਨਾਂ ਨੇ ਵੀ ਬਾਸਮਤੀ ਹੇਠ ਰਕਬਾ ਵਧਾਉਣਾ ਸ਼ੁਰੂ ਕੀਤਾ ਹੈ। ਨਿਰਯਾਤ ਕੀਤੀ ਗਈ ਬਾਸਮਤੀ ਵਿਚ ਖੇਤੀ ਰਸਾਇਣਾਂ ਦੀ ਰਹਿੰਦ-ਖੂੰਹਦ ਆਉਣ ਕਰਕੇ ਅਕਸਰ ਇਸ ਦੇ ਮੰਡੀਕਰਨ ਅਤੇ ਭੁਗਤਾਨ ਸੰਬੰਧੀ ਸਮੱਸਿਆਵਾਂ ਆਉਂਦੀਆਂ ਰਹਿੰਦੀਆਂ ਹਨ। ਜੋ ਕਿ ਕਈ ਵਾਰ ਨਿਰਯਾਤ ਤੇ ਪਾਬੰਦੀਆਂ ਦਾ ਕਾਰਨ ਬਣਦੀਆਂ ਹਨ। ਇਸ ਲਈ, ਖੇਤੀ ਰਸਾਇਣਾਂ ਦੀ ਰਹਿੰਦ-ਖੂੰਹਦ ਤੋਂ ਮੁਕਤ ਅਤੇ ਸੁਰੱਖਿਅਤ ਉਪਜ ਪੈਦਾ ਕਰਨ ਲਈ ਸਹੀ ਸਮੇਂ ਅਤੇ ਸਹੀ ਮਾਤਰਾ ਵਿਚ ਸਿਰਫ ਸਿਫਾਰਸ਼ ਕੀਤੇ ਖੇਤੀ ਰਸਾਇਣ ਹੀ ਵਰਤੇ ਜਾਣੇ ਚਾਹੀਦੇ ਹਨ। ਜੈਵਿਕ ਉਪਜ 'ਤੇ ਪ੍ਰੀਮੀਅਮ ਮਿਲਣ ਕਾਰਨ ਇਸ ਦੀ ਜੈਵਿਕ ਖੇਤੀ ਮੁਨਾਫੇ ਨੂੰ ਹੋਰ ਵੀ ਵਧਾ ਸਕਦੀ ਹੈ ਅਤੇ ਨਾਲ ਹੀ ਝੋਨੇ ਦਾ ਬਦਲ ਦੇ ਕੇ ਕੁਦਰਤੀ ਸਰੋਤਾਂ ਨੂੰ ਬਚਾਉਣ ਵਿਚ ਵੀ ਮਦਦ ਕਰੇਗੀ। ਜੈਵਿਕ ਖੇਤੀ ਲਈ ਬਾਸਮਤੀ ਬਹੁਤ ਹੀ ਢੁਕਵੀਂ ਫਸਲ ਹੈ ਕਿਉਂਕਿ ਇਸ ਦੀ ਖੁਰਾਕੀ ਤੱਤਾਂ ਦੀ ਲੋੜ ਘੱਟ ਹੈ ਅਤੇ ਸਿਰਫ ਹਰੀ ਖਾਦ ਵਾਹ ਕੇ ਹੀ ਇਸ ਨੂੰ ਪੂਰਾ ਕੀਤਾ ਜਾ ਸਕਦਾ ਹੈ। ਬਾਸਮਤੀ ਦੀ ਸਫਲ ਜੈਵਿਕ ਕਾਸ਼ਤ ਲਈ ਉਤਪਾਦਨ ਅਤੇ ਪੌਦ-ਸੁਰੱਖਿਅਤ ਤਕਨੀਕਾਂ ਹੇਠ ਲਿਖੇ ਅਨੁਸਾਰ ਹਨ :

**ਹਰੀ ਖਾਦ** : ਕਣਕ ਦੀ ਵਾਢੀ ਤੋਂ ਬਾਅਦ ਢੈਂਚਾ, ਸਣ ਜਾਂ ਗਰਮੀ ਰੁੱਤ ਦੀ ਮੂੰਗੀ ਦੀ ਬਿਜਾਈ ਕਰੋ। ਹਰੀ ਖਾਦ ਦੀ ਫਸਲ ਨੂੰ ਬਿਨ੍ਹਾਂ ਵਾਹੇ ਜ਼ੀਰੋ ਟਿਲ ਡਰਿੱਲ ਨਾਲ ਵੀ ਬੀਜਿਆ ਜਾ ਸਕਦਾ ਹੈ। ਹਰੀ ਖਾਦ ਨੂੰ ਲਗਭਗ 50 ਦਿਨਾਂ ਬਾਅਦ, ਬਾਸਮਤੀ ਦੀ ਲੁਆਈ ਤੋਂ ਪਹਿਲਾਂ ਖੇਤ ਵਿਚ ਵਾਹ ਦਿਉ।

**ਪਨੀਰੀ ਦੀ ਬਿਜਾਈ ਅਤੇ ਲੁਆਈ** : ਸਿਫਾਰਸ਼ ਕੀਤੀਆਂ ਕਿਸਮਾਂ ਵਿੱਚੋਂ ਕੋਈ ਵੀ ਕਿਸਮ ਬੀਜੀ ਜਾ ਸਕਦੀ ਹੈ। ਬੀਜ ਦੀ ਮਾਤਰਾ, ਲੁਆਈ ਦਾ ਸਮਾਂ ਅਤੇ ਢੰਗ ਰਵਾਇਤੀ ਫਸਲ ਅਨੁਸਾਰ ਹੀ ਰੱਖੋ ਪਰ ਕਿਸੇ ਵੀ ਰਸਾਇਣਕ ਖਾਦ, ਉੱਲੀਨਾਸ਼ਕ, ਨਦੀਨਨਾਸ਼ਕ ਜਾਂ ਕੀਟਨਾਸ਼ਕ ਦੀ ਵਰਤੋਂ ਨਹੀਂ ਕਰਨੀ। ਪੈਰ ਗਲਣ ਦੇ ਰੋਗ ਦੀ ਰੋਕਥਾਮ ਲਈ ਬੀਜ ਨੂੰ 15 ਗ੍ਰਾਮ ਟ੍ਰਾਈਕੋਡਰਮਾ ਹਰਜੀਐਨਮ ਪ੍ਰਤੀ ਕਿਲੋ ਅਨੁਸਾਰ ਸੋਧ ਲਵੋ। ਪਨੀਰੀ ਖੇਤ ਵਿਚ ਲਾਉਣ ਤੋਂ ਪਹਿਲਾਂ ਵੀ ਇਸ ਦੀਆਂ ਜੜ੍ਹਾਂ ਨੂੰ ਟ੍ਰਾਈਕੋਡਰਮਾ ਹਰਜੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿਚ 6 ਘੰਟੇ ਡੁਬੋ ਕੇ ਰੱਖੋ। ਇਸ ਤੋਂ ਬਾਅਦ ਐਜ਼ੋਸਪਾਇਰੀਲਮ ਜੀਵਾਣੂੰ ਖਾਦ ਦੇ ਇਕ ਪੈਕੇਟ ਨੂੰ ਪਾਣੀ ਵਿਚ ਘੋਲ ਲਓ ਅਤੇ ਇਕ ਏਕੜ ਲਈ ਪਨੀਰੀ ਦੀਆਂ ਜੜ੍ਹਾਂ ਨੂੰ ਇਸ ਘੋਲ ਵਿਚ 45 ਮਿੰਟਾਂ ਲਈ ਡੁਬੋ ਕੇ ਖੇਤ ਵਿਚ ਲਗਾਉ। ਬਿਮਾਰੀ ਵਾਲੇ ਬੂਟਿਆਂ ਨੂੰ ਖੇਤ ਵਿੱਚੋਂ ਪੁੱਟ ਦੇਣਾ ਚਾਹੀਦਾ ਹੈ।

**ਨਦੀਨਾਂ ਦੀ ਰੋਕਥਾਮ** : ਜੈਵਿਕ ਖੇਤੀ ਵਿਚ ਰਸਾਇਣਕ ਨਦੀਨ ਨਾਸ਼ਕਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਇਸ ਲਈ ਲੁਆਈ ਤੋਂ 20-25 ਦਿਨ ਬਾਅਦ ਤੱਕ ਖੇਤ ਵਿਚ ਲਗਾਤਾਰ ਪਾਣੀ ਖੜਾ ਰੱਖੋ। ਲੋੜ ਅਨੁਸਾਰ, ਹੱਥਾਂ ਨਾਲ ਵੀ ਖੇਤ ਵਿੱਚੋਂ ਨਦੀਨਾਂ ਨੂੰ ਕੱਢਿਆ ਜਾ ਸਕਦਾ ਹੈ।

**ਕੀਟ ਅਤੇ ਰੋਗ ਪ੍ਰਬੰਧ** : ਤਣੇ ਦੇ ਗੜੂੰਏ ਅਤੇ ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਸਿਫਾਰਸ਼ ਕੀਤੇ ਟ੍ਰਾਈਕੋਕਾਰਡਾਂ ਨੂੰ ਪਨੀਰੀ ਬੀਜਣ ਤੋਂ 30 ਦਿਨਾਂ ਬਾਅਦ ਸ਼ੁਰੂ ਕਰਦੇ ਹੋਏ ਹਫਤੇ-ਹਫਤੇ ਦੇ ਅੰਤਰ 'ਤੇ 5-6 ਵਾਰੀ ਵਰਤੋ। ਇਹਨਾਂ ਕਾਰਡਾਂ ਨੂੰ 40 ਬਰਾਬਰ ਹਿੱਸਿਆਂ ਵਿੱਚ ਕੱਟੋ ਅਤੇ ਪੱਤਿਆਂ ਦੇ ਹੇਠਲੇ ਪਾਸੇ ਖੇਤ ਵਿਚ 40 ਥਾਵਾਂ ਤੇ ਇਕਸਾਰ ਦੂਰੀ ਤੇ ਪਿੰਨ ਨਾਲ ਨੱਥੀ ਕਰ ਦੇਵੋ। ਇਨ੍ਹਾਂ ਕੀੜਿਆਂ ਦੀ ਰੋਕਥਾਮ ਨਿੰਮ ਆਧਾਰਿਤ ਬਾਇਉ-ਕੀਟਨਾਸ਼ਕਾਂ ਜਿਵੇਂ ਕਿ 80 ਮਿਲੀਲੀਟਰ ਈਕੋਟਿਨ (ਅਜ਼ੈਦੀਰੈਕਟਿਨ 5%) ਜਾਂ ਇੱਕ ਲਿਟਰ ਨੀਮ ਕਵਚ / ਅਚੂਕ (ਅਜ਼ੈਦੀਰੈਕਟਿਨ 0.15%) ਪ੍ਰਤੀ ਏਕੜ ਨੂੰ 100 ਲੀਟਰ ਪਾਣੀ ਵਿਚ ਘੋਲ ਕੇ ਵੀ ਕੀਤੀ ਜਾ ਸਕਦੀ ਹੈ। ਪੱਤਾ ਲਪੇਟ ਸੁੰਡੀ ਦੀ ਰੋਕਥਾਮ ਲਈ ਫਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ ਨਾਰੀਅਲ ਜਾਂ ਮੁੰਜ ਦੀ ਰੱਸੀ ਫਸਲ ਦੇ ਉੱਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇੱਕ ਸਿਰੇ ਤੇ ਦੂਸਰੇ ਸਿਰ ਵੱਲ ਜਾਉ ਤੇ ਫਿਰ ਉਹਨੀ ਪੈਰੀਂ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਸ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਖੇਤ ਵਿਚ ਪਾਣੀ ਜ਼ਰੂਰ ਖੜ੍ਹਾ ਹੋਵੇ।

**ਮੰਡੀਕਰਨ ਅਤੇ ਪ੍ਰਮਾਣੀਕਰਨ** : ਮੰਡੀਕਰਨ ਜੈਵਿਕ ਖੇਤੀ ਦਾ ਸਭ ਤੋਂ ਮਹੱਤਵਪੂਰਨ ਪਹਿਲੂ ਹੈ ਪਰ ਅਜੇ ਤੱਕ ਕੋਈ ਵੀ ਸੰਗਠਿਤ ਮੰਡੀਕਰਨ ਪ੍ਰਣਾਲੀ ਨਹੀਂ ਹੈ। ਇਸ ਲਈ ਸ਼ੁਰੂਆਤ ਵਿਚ ਬਾਸਮਤੀ ਦੀ ਕਾਸ਼ਤ ਉਨ੍ਹੇ ਰਕਬੇ 'ਤੇ ਹੀ ਕਰੋ ਜਿਸ ਨਾਲ ਘਰੇਲੂ ਅਤੇ ਸਥਾਨਕ ਮੰਡੀ ਦੀਆਂ ਲੋੜਾਂ ਪੂਰੀਆਂ ਹੋ ਸਕਣ। ਮੰਡੀਕਰਨ ਦੇ ਲੋੜੀਂਦੇ ਪ੍ਰਬੰਧ ਹੋਣ ਤੇ ਇਸ ਹੇਠ ਰਕਬਾ ਵਧਾਓ। ਜੈਵਿਕ ਉਤਪਾਦਾਂ 'ਚ ਖਪਤਕਾਰਾਂ ਦੇ ਵਿਸ਼ਵਾਸ ਨੂੰ ਵਧਾਉਣ ਲਈ ਖੇਤੀ ਫਾਰਮ ਨੂੰ ਜੈਵਿਕ ਪ੍ਰਮਾਣਿਤ ਕਰਵਾਉਣਾ ਚਾਹੀਦਾ ਹੈ। ਪ੍ਰਮਾਣੀਕਰਨ ਕਰਵਾਉਣ ਲਈ ਨਿਰੀਖਣ ਅਤੇ ਪ੍ਰਮਾਣੀਕਰਨ ਏਜੰਸੀਆਂ ਬਾਰੇ ਵਿਸਥਾਰਤ ਜਾਣਕਾਰੀ ਅਪੀਡਾ (APEDA) ਦੀ ਵੈਬਸਾਈਟ www.apeda.gov.in ਤੋਂ ਲਈ ਜਾ ਸਕਦੀ ਹੈ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 42 ਅੰਕ 23
ਮਿਤੀ 08-06-2024

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher JAGPREET SINGH
Printed at Vargenia Printers, Sher-e-Punjab
Market, Gaushala Road, PATIALA &
Published at Patiala for Prop. JAGPREET SINGH


# ਕੇਂਦਰ ਸਰਕਾਰ ਅਤੇ ਕਿਸਾਨਾਂ ਲਈ ਸੋਚਣ ਦਾ ਵੇਲਾ

ਪਿਛਲੇ ਅੰਦੋਲਨ ਤੋਂ ਬਾਅਦ ਦਿੱਲੀ ਦੀਆਂ ਨਿਆਈਆਂ 'ਚ ਕਿਸਾਨਾਂ ਦਾ ਅੰਦੋਲਨ ਫਿਰ ਸਰਗਰਮ ਹੈ। ਪਿਛਲੇ ਅੰਦੋਲਨ ਵਿਚ ਜਿੱਥੇ ਕਿਸਾਨਾਂ ਨੇ ਗਰਮੀ, ਸਰਦੀ, ਬਰਸਾਤਾਂ ਵਿੱਚ ਇਕ ਸਾਲ ਲਗਾਤਾਰ ਸੰਘਰਸ਼ ਕੀਤਾ ਅਤੇ ਆਪਣੇ ਕੰਮ ਦਾ ਕੀਮਤੀ ਸਮਾਂ ਗੁਆਇਆ, ਉੱਥੇ ਕੇਂਦਰ ਸਰਕਾਰ ਨੂੰ ਵੀ ਵਖਤ ਪਿਆ ਰਿਹਾ; ਅੰਤ ਸਰਕਾਰ ਨੇ ਤਿੰਨੇ ਖੇਤੀ ਕਾਨੂੰਨ ਰੱਦ ਕਰ ਕੇ ਕਿਸਾਨਾਂ ਦੀ ਮੰਗ ਮੰਨ ਲਈ।

ਕਿਸਾਨਾਂ ਅਨੁਸਾਰ, ਅਜੇ ਉਨ੍ਹਾਂ ਦੀਆਂ ਮੰਗਾਂ ਲਟਕ ਰਹੀਆਂ ਹਨ, ਇਸ ਕਰਕੇ ਉਹ ਫਿਰ ਅੰਦੋਲਨ ਦੇ ਰਾਹ ਪਏ ਹਨ। ਅੰਦੋਲਨ ਤੋਂ ਛੁਟਕਾਰੇ ਲਈ ਕੇਂਦਰ ਸਰਕਾਰ ਅਤੇ ਕਿਸਾਨ ਨੂੰ ਗੰਭੀਰਤਾ ਨਾਲ ਸੋਚਣ ਵਿਚਾਰਨ ਦੀ ਲੋੜ ਹੈ ਕਿਉਂਕਿ ਇਨ੍ਹਾਂ ਦਿਨਾਂ ਵਿਚ ਜਿੱਥੇ ਫਸਲਾਂ ਸੰਭਾਲਣ ਲਈ ਕਿਸਾਨਾਂ ਦਾ ਕੀਮਤੀ ਸਮਾਂ ਬਰਬਾਦ ਹੋ ਰਿਹਾ ਹੈ, ਉੱਥੇ ਰਾਹਗੀਰਾਂ ਤੇ ਮੁਸਾਫਿਰਾਂ ਨੂੰ ਵੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਅੰਦੋਲਨ ਤੋਂ ਛੁਟਕਾਰੇ ਲਈ ਪਹਿਲ ਭਾਰਤ ਸਰਕਾਰ ਨੂੰ ਕਰਨੀ ਚਾਹੀਦੀ ਹੈ; ਕਿਸਾਨਾਂ ਦੀਆਂ ਜਿਹੜੀਆਂ ਮੰਗਾਂ ਮੰਨਣ 'ਚ ਕੋਈ ਦਿੱਕਤ ਹੋਵੇ, ਸਰਕਾਰ ਨੂੰ ਉਨ੍ਹਾਂ ਮੰਗਾਂ ਬਾਰੇ ਕਿਸਾਨਾਂ ਨਾਲ ਵਿਚਾਰ-ਵਟਾਂਦਰਾ ਕਰਕੇ, ਆਪਣੀ ਮਜਬੂਰੀ ਦੱਸ ਕੇ ਕਿਸਾਨਾਂ ਨੂੰ ਵਿਸ਼ਵਾਸ ਵਿਚ ਲੈਣਾ ਚਾਹੀਦਾ ਹੈ। ਭਾਰਤ ਸਰਕਾਰ ਵੱਲੋਂ ਹਰ ਸਾਲ ਅਰਬਾਂ-ਖਰਬਾਂ ਰੁਪਏ ਦੇ ਤੇਲ ਬੀਜ ਤੇ ਦਾਲਾਂ ਮਹਿੰਗੇ ਭਾਅ ਖਰੀਦ ਕੇ ਵਿਦੇਸ਼ਾਂ ਵਿੱਚੋਂ ਲਿਆਂਦੀਆਂ ਜਾਂਦੀਆਂ ਹਨ, ਇਨ੍ਹਾਂ ਜਿਣਸਾਂ ਦੀ ਦਰਾਮਦ ਰੋਕ ਕੇ ਦੇਸ਼ ਦੇ ਕਿਸਾਨਾਂ ਨੂੰ ਇਨ੍ਹਾਂ ਦੀ ਕਾਸ਼ਤ ਲਈ ਉਤਸ਼ਾਹਿਤ ਕੀਤਾ ਜਾਵੇ। ਇਸ ਤਰ੍ਹਾਂ ਕਰਨ ਨਾਲ ਖਜ਼ਾਨੇ ਵਿਚ ਪਈ ਵਿਦੇਸ਼ੀ ਕਰੰਸੀ ਵੀ ਬਚੇਗੀ ਅਤੇ ਦੇਸ਼ ਦੀ ਮਿੱਟੀ, ਪਾਣੀ, ਹਵਾ ਆਦਿ ਕੁਦਰਤੀ ਸਰੋਤ ਵੀ ਸੁਰੱਖਿਅਤ ਰਹਿਣਗੇ।

ਦਾਲਾਂ ਤੇ ਤੇਲ ਬੀਜਾਂ ਦੀ ਕਾਸ਼ਤ ਦੀਆਂ ਲਾਗਤਾਂ ਘੱਟ ਹੋਣ ਕਰ ਕੇ ਕਿਸਾਨਾਂ ਨੂੰ ਵਾਧੂ ਲਾਭ ਮਿਲ ਸਕਦਾ ਹੈ। ਕੇਂਦਰ ਸਰਕਾਰ ਨੂੰ ਇਨ੍ਹਾਂ ਫਸਲਾਂ ਦੀ ਪੈਦਾਵਾਰ ਦੀ ਸਹਾਇਕ ਕੀਮਤ ਮਿੱਥਣ ਵੇਲੇ ਖਿਆਲ ਰੱਖਣ ਦੀ ਲੋੜ ਹੋਵੇਗੀ ਕਿ ਇਨ੍ਹਾਂ ਫਸਲਾਂ ਤੋਂ ਪ੍ਰਤੀ ਏਕੜ ਵੱਧ ਨਹੀਂ ਤਾਂ ਝੋਨੇ ਦੀ ਫਸਲ ਦੇ ਬਰਾਬਰ ਆਮਦਨ ਮਿਲੇ ਅਤੇ ਇਨ੍ਹਾਂ ਦੇ ਸਾਰੇ ਉਤਪਾਦਨ ਦੀ ਖਰੀਦ ਸਰਕਾਰ ਕਰੇ।

ਅਜਿਹੀਆਂ ਦੋ ਫਸਲਾਂ ਹੋਰ ਮੱਕੀ ਤੇ ਬਾਸਮਤੀ ਹਨ। ਇਨ੍ਹਾਂ ਦੀ ਸਹਾਇਕ ਕੀਮਤ ਝੋਨੇ ਦੇ ਬਰਾਬਰ ਆਮਦਨ ਦੇਣ ਤੱਕ ਮਿੱਥੀ ਜਾਵੇ ਤੇ ਮੰਡੀਆਂ 'ਚੋਂ ਇਕ-ਇਕ ਦਾਣੇ ਦੀ ਖਰੀਦ ਸਰਕਾਰ ਕਰੇ। ਇਸ ਵਿਚ ਸਰਕਾਰ ਨੂੰ ਘਾਟਾ ਪੈਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ। ਇਹ ਸਾਰੀਆਂ ਜਿਣਸਾਂ ਨਾਸ਼ਵਾਨ ਵੀ ਨਹੀਂ, ਇਨ੍ਹਾਂ ਨੂੰ ਲੰਬੇ ਸਮੇਂ ਤੱਕ ਭੰਡਾਰ ਕੀਤਾ ਜਾ ਸਕਦਾ ਹੈ। ਇਨ੍ਹਾਂ ਦੀ ਦੂਰ-ਦੁਰਾਡੇ ਢੁਆਈ ਵਿਚ ਵੀ ਕੋਈ ਦਿੱਕਤ ਨਹੀਂ।

ਕਿਸਾਨਾਂ ਦੀ ਮੰਗ ਵਿਚ ਮਹੱਤਵਪੂਰਨ ਇਹ ਮੰਗ ਵੀ ਹੈ ਕਿ ਜੇ ਸਰਕਾਰ ਨੇ ਕੁਦਰਤੀ ਸੋਮਿਆਂ ਦਾ ਉਜਾੜਾ ਕਰਨ ਵਾਲੀਆਂ ਫਸਲਾਂ ਸਾਡੇ ਕੋਲੋਂ ਛੁਡਾਉਣੀਆਂ ਹਨ ਤਾਂ ਫੁੱਲਾਂ ਫਲਾਂ ਤੇ ਸਬਜ਼ੀਆਂ ਦੇ ਲਾਹੇਵੰਦ ਭਾਅ ਮਿੱਥ ਕੇ ਇਨ੍ਹਾਂ ਦੀ ਐੱਮ ਐੱਸ ਪੀ ਦਾ ਐਲਾਨ ਕਰੇ ਤੇ ਪੈਦਾ ਕੀਤੀ ਗਈ ਸਾਰੀ ਸਮੱਗਰੀ ਦੀ ਖਰੀਦ ਕਰੇ।

ਮੈਂ ਖੁਦ ਕਿਸਾਨ ਦੀ ਹੈਸੀਅਤ 'ਚ ਮਹਿਸੂਸ ਕਰਦਾ ਹਾਂ ਕਿ ਇਹ ਮੰਗ ਕਿਸਾਨਾਂ ਨੂੰ ਛੱਡ ਦੇਣੀ ਚਾਹੀਦੀ ਹੈ। ਸਰਕਾਰ ਹਰ ਸਾਲ 23 ਫਸਲਾਂ ਦਾ ਐੱਮ ਐੱਸ ਪੀ ਐਲਾਨਦੀ ਹੈ ਪਰ ਖਰੀਦ ਸਿਰਫ ਕਣਕ, ਝੋਨੇ ਤੇ ਕਪਾਹ ਦੀ ਹੀ ਕਰਦੀ ਹੈ। ਫਲਾਂ ਤੇ ਸਬਜ਼ੀਆਂ ਦੀ ਘੱਟੋ-ਘੱਟ ਸਹਾਇਕ ਕੀਮਤ ਦਾ ਐਲਾਨ ਕਰਨ ਵਿਚ ਤਾਂ ਸਰਕਾਰਾਂ ਨੂੰ ਸ਼ਾਇਦ ਕੋਈ ਦਿੱਕਤ ਨਾ ਹੋਵੇ ਪਰ ਇਹ ਨਾਜ਼ੁਕ ਦੇ ਨਾਸ਼ਵਾਨ ਚੀਜ਼ਾਂ ਦੀ ਖਰੀਦ ਦਾ ਜੋਖਮ ਉਠਾਉਣਾ ਸਰਕਾਰ ਦੇ ਵੱਸ ਦੀ ਗੱਲ ਨਹੀਂ। ਕਾਰਨ ਇਹ ਕਿ ਸਵੇਰ ਨੂੰ ਤੋੜੇ ਬਹੁਤੇ ਫਲਾਂ, ਫੁੱਲਾਂ ਤੇ ਸਬਜ਼ੀਆਂ ਦੀ ਗੁਣਵੱਤਾ ਸ਼ਾਮ ਤੱਕ ਅਕਸਰ ਦਮ ਤੋੜ ਜਾਂਦੀ ਹੈ। ਇਨ੍ਹਾਂ ਜਿਣਸਾਂ ਨੂੰ ਸੰਭਾਲਣ ਤੇ ਲੋੜੀਂਦੇ ਥਾਂ ਲਿਜਾਣ ਲਈ ਸਿੱਖਿਅਤ ਸਟਾਫ ਦੀ ਲੋੜ ਹੋਵੇਗੀ ਪਰ ਜਿਹੜਾ ਸਟਾਫ ਹੈ ਵੀ, ਜ਼ਿੰਮੇਵਾਰੀ ਦੀ ਘਾਟ ਹੋਵੇਗੀ, ਨਾਜ਼ੁਕ ਸਮੱਗਰੀ ਢਕਣ ਤੇ ਛਾਵੇਂ ਰੱਖਣ ਵਿਚ ਅਣਗਹਿਲੀ ਤੇ ਕੁਤਾਹੀਆਂ ਹੋ ਸਕਦੀਆਂ ਹਨ। ਇਸ ਦੇ ਨਾਲ-ਨਾਲ ਸਮੱਗਰੀ, ਸਾਂਭਣ ਲਈ ਕੋਲਡ ਚੇਨ ਅਤੇ ਰੀਫਰ ਵੈਨਜ ਦਾ ਵੱਡੀ ਪੱਧਰ 'ਤੇ ਪ੍ਰਬੰਧ ਕਰਨਾ ਹੋਵੇਗਾ। ਇਨ੍ਹਾਂ ਚੀਜ਼ਾਂ ਲਈ ਅਨੁਕੂਲ ਕੋਲਡ ਸਟੋਰਾਂ ਦੀ ਅਣਹੋਂਦ ਦੇ ਨਾਲ-ਨਾਲ ਅਜਿਹੀ ਲੋੜ ਤੇ ਪ੍ਰਬੰਧ ਨੂੰ ਸੱਟ ਮਾਰਨ ਲਈ ਵੱਡੀ ਸਮੱਸਿਆ ਸਰਕਾਰੀ ਤੰਤਰ 'ਚ ਵੜੇ ਭ੍ਰਿਸ਼ਟਾਚਾਰ ਨਾਲ ਆਵੇਗੀ।

ਇਸ ਹਾਲਤ ਵਿਚ ਸਰਕਾਰ ਲਈ ਫਲਾਂ, ਫੁੱਲਾਂ ਤੇ ਸਬਜ਼ੀਆਂ ਦੀ ਦੁਕਾਨ ਚਲਾਉਣੀ ਸੰਭਵ ਨਹੀਂ ਹੋਵੇਗੀ। ਦੂਜੇ ਪਾਸੇ, ਕਿਸਾਨ ਇਹ ਮੰਗ ਕਰ ਸਕਦੇ ਹਨ ਕਿ ਸਰਕਾਰਾਂ ਫਲਾਂ ਤੇ ਸਬਜ਼ੀਆਂ ਦੀ ਪ੍ਰੋਸੈਸਿੰਗ ਲਈ ਦਿਹਾਤੀ ਖੇਤਰਾਂ ਵਿਚ ਵੱਧ ਤੋਂ ਵੱਧ ਉਦਯੋਗ ਸਥਾਪਿਤ ਕਰਨ ਲਈ ਉਦਯੋਗਪਤੀਆਂ ਨੂੰ ਉਤਸ਼ਾਹਿਤ ਕਰਨ ਤੇ ਸਹਿਯੋਗ ਦੇਣ। ਇਨ੍ਹਾਂ ਉਦਯੋਗਾਂ ਵਿਚ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੇ ਬੱਚਿਆਂ ਨੂੰ ਰੁਜ਼ਗਾਰ ਵੀ ਮਿਲੇਗਾ।

ਕਿਸਾਨਾਂ ਨੂੰ ਇਹ ਵੀ ਵਿਚਾਰਨ ਦੀ ਲੋੜ ਹੈ ਕਿ 1960 ਦੇ ਦਹਾਕੇ ਤੋਂ ਪਹਿਲਾਂ ਤਾਂ ਖੇਤੀ ਵਿਚ ਘਾਟਿਆਂ ਦੀ ਗੱਲ ਸਮਝ ਆਉਂਦੀ ਸੀ ਕਿਉਂਕਿ ਕੁਦਰਤੀ ਆਫਤਾਂ ਨਾਲ ਨਜਿੱਠਣ ਲਈ ਕਿਸਾਨਾਂ ਕੋਲ ਸਾਧਨ ਤੇ ਯੁਗਤਾਂ ਨਹੀਂ ਸਨ। ਰਾਤਾਂ ਨੂੰ ਚੜਸ ਚਲਾ ਕੇ ਫਸਲਾਂ ਨੂੰ ਪਾਣੀ ਦੇਣਾ ਤੇ ਇਕ ਵਾਰੀ ਵਿਚ ਸਿੰਚਾਈ ਹੋਣੀ ਦੋ ਜਾਂ ਢਾਈ ਕਨਾਲ, ਮਹੀਨਾ-ਮਹੀਨਾ ਕਣਕ ਦੀ ਕਟਾਈ ਤੇ ਗਹਾਈ ਦਾ ਕੰਮ ਚੱਲਣਾ, ਮਹੀਨੇ




ਮਹਿੰਦਰ ਸਿੰਘ ਦੋਸਾਂਝ
ਮੋ. 94632-33991


ਵਿਚ ਇਕ ਵਾਰ ਤੇ ਕਈ ਵਾਰ ਦੋ ਵਾਰ ਮੀਂਹ ਹਨੇਰੀ ਆ ਜਾਣੀ ਤੇ ਫਸਲ ਬਰਬਾਦ ਹੋ ਜਾਣੀ, ਫਸਲਾਂ ਦੀ ਹੱਥੀਂ ਗੋਡੀ ਕਰਨ ਦਾ ਕੰਮ ਲਗਭਗ ਸਾਰਾ ਸਾਲ ਚਲਦਾ ਰਹਿਣਾ, ਬਿਜਾਈ, ਗੁਡਾਈ ਅਤੇ ਕਟਾਈ ਲਈ ਮਸ਼ੀਨਾਂ ਨਹੀਂ ਸਨ। ਸ਼ਾਹੂਕਾਰਾਂ ਦੇ ਕਰਜ਼ਿਆਂ ਦਾ ਵਿਆਜ ਹੁਣ ਦੀਆਂ ਬੈਂਕਾਂ ਨਾਲੋਂ ਕਈ ਗੁਣਾ ਵੱਧ ਹੁੰਦਾ ਸੀ। ਉੱਨਤ ਬੀਜਾਂ ਦੀ ਕਾਸ਼ਤ ਦੀਆਂ ਖੇਤੀਬਾੜੀ ਸਿਖਲਾਈ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ।

ਹੁਣ ਤਾਂ ਟਿਊਬਵੈੱਲਾਂ ਦੇ ਬਟਨ ਦੱਬਣ ਦੀ ਵੀ ਲੋੜ ਨਹੀਂ, ਕਿਸਾਨ ਮੋਟਰਸਾਈਕਲ 'ਤੇ ਆ ਕੇ ਬੰਬੀ ਤੇ ਬੱਲਬ ਜਗਦੇ ਦੇਖ ਕੇ ਪੱਕੀ ਸੜਕ ਤੋਂ ਹੀ ਵਾਪਸ ਚਲੇ ਜਾਂਦੇ ਹਨ। ਇੱਕ-ਇੱਕ ਏਕੜ ਦੇ ਬਣੇ ਕਿਆਰੇ ਜਲ-ਥਲ ਹੋ ਜਾਂਦੇ ਹਨ, ਕੰਬਾਈਨਾਂ ਕਣਕ ਤੇ ਝੋਨੇ ਦੀ ਕੁੱਝ ਘੰਟਿਆਂ ਵਿਚ ਹੀ ਕਟਾਈ ਕਰਕੇ ਕਿਸਾਨਾਂ ਨੂੰ ਵਿਹਲੇ ਕਰ ਦਿੰਦੀਆਂ ਹਨ, ਬਿਜਾਈਆਂ ਤੇ ਗੁਡਾਈਆਂ ਲਈ ਵੀ ਮਸ਼ੀਨਾਂ ਤੇ ਨਦੀਨਨਾਸ਼ਕ ਆ ਗਏ ਹਨ। ਖੇਤਾਂ ਵਿਚ ਖੜ੍ਹੀਆਂ



ਤੇ ਕੱਟੀਆਂ ਫਸਲਾਂ ਦੀ ਸੁਰੱਖਿਆ ਲਈ ਮੋਬਾਈਲ ਤੋਂ ਹੀ ਮੌਸਮ ਦਾ ਹਾਲ ਜਾਣਿਆ ਜਾ ਸਕਦਾ ਹੈ, ਬੂਟਿਆਂ ਤੇ ਫਸਲਾਂ ਦੀਆਂ ਉੱਨਤ ਕਿਸਮਾਂ ਤੇ ਖੇਤੀਬਾੜੀ ਲਈ ਨਵੀਆਂ ਤਕਨੀਕਾਂ ਆ ਗਈਆਂ ਹਨ ਅਤੇ ਮੁਫਤ ਖੇਤੀਬਾੜੀ ਸਿਖਲਾਈ ਦਾ ਵੀ ਪ੍ਰਬੰਧ ਹੈ।

ਅਜਿਹਾ ਸਾਰਾ ਕੁਝ ਹੁੰਦਿਆਂ ਜੇ ਫਿਰ ਵੀ ਖੇਤੀ ਘਾਟੇ ਵਿਚ ਜਾ ਰਹੀ ਹੈ ਤਾਂ ਖੇਤੀ ਲਈ ਵਿਉਂਤਬੰਦੀ ਦੀ ਘਾਟ ਵੀ ਜ਼ਿੰਮੇਵਾਰ ਹੋ ਸਕਦੀ ਹੈ। ਪੰਜਾਬ, ਹਿਮਾਚਲ ਤੇ ਹਰਿਆਣੇ ਦੇ ਕਈ ਕਿਸਾਨਾਂ ਦੇ ਨਾਮ ਮੈਨੂੰ ਯਾਦ ਹਨ ਜਿਨ੍ਹਾਂ ਨੇ ਖੇਤੀ ਦੀ ਠੀਕ ਵਿਉਂਤਬੰਦੀ ਕੀਤੀ ਤੇ ਉਹ ਖੇਤੀ ਤੇ ਖ਼ੁਸ਼ਹਾਲੀ ਦੀਆਂ ਸਿਖਰਾਂ ਤੱਕ ਪਹੁੰਚੇ। ਇਨ੍ਹਾਂ ਵਿੱਚੋਂ ਕਈ ਕਿਸਾਨਾਂ ਨੇ ਬਿਨਾਂ ਕਰਜ਼ੇ ਲਿਆਂ ਖੇਤੀ ਨੂੰ ਸਫਲਤਾ ਤੱਕ ਲਿਆਂਦਾ ਅਤੇ ਅਜਿਹੇ ਕਈ ਹੋਰ ਕਿਸਾਨਾਂ ਨੇ ਕਰਜ਼ੇ ਤਾਂ ਲਏ ਪਰ ਇਨ੍ਹਾਂ ਦੇ ਪੈਸੇ ਸਮੇਂ ਸਿਰ ਬੈਂਕ ਨੂੰ ਵਾਪਸ ਕੀਤੇ। ਇਨ੍ਹਾਂ ਕਿਸਾਨਾਂ ਨੇ ਕੁਦਰਤੀ ਸਰੋਤਾਂ ਦਾ ਸਦਉਪਯੋਗ ਕੀਤਾ ਤੇ ਇਨ੍ਹਾਂ ਵਿੱਚੋਂ ਕੁਝ ਕਿਸਾਨਾਂ ਬਾਰੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪੁਸਤਕ 'ਸਫਲ ਕਿਸਾਨ ਪੰਜਾਬ ਦੇ' ਅਤੇ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ 2011 ਵਿਚ ਪੁਸਤਕ 'ਹਰੇ ਇਨਕਲਾਬ ਤੋਂ ਸਦੀਵੀ ਇਨਕਲਾਬ ਵੱਲ' ਛਾਪੀ ਗਈ ਸੀ। ਆਮ ਕਿਸਾਨਾਂ ਨੂੰ ਇਨ੍ਹਾਂ ਕਿਸਾਨਾਂ ਤੋਂ ਸੇਧ ਲੈਣੀ ਚਾਹੀਦੀ ਹੈ।

ਖੇਤੀ ਵਿਚ ਸਥਿਰਤਾ ਪ੍ਰਾਪਤ ਕਰਨ ਲਈ ਕਿਸਾਨਾਂ ਨੂੰ ਗੈਰ-ਉਤਪਾਦਕ ਖਰਚਿਆਂ ਤੋਂ ਬਚਣਾ ਚਾਹੀਦਾ ਹੈ, ਲੋੜ ਅਨੁਸਾਰ ਮਸ਼ੀਨਰੀ ਖਰੀਦਣੀ ਚਾਹੀਦੀ ਹੈ, ਆਪਣੇ ਬੱਚਿਆਂ ਦੀ ਪੜ੍ਹਾਈ ਤੇ ਪਰਿਵਾਰ ਦੀ ਸਿਹਤ ਲਈ ਵੱਧ ਖਰਚੇ ਕਰਨੇ ਚਾਹੀਦੇ ਹਨ। ਜਿੰਨਾ ਹੋ ਸਕੇ, ਹੱਥੀਂ ਕੰਮ ਕਰਨਾ ਚਾਹੀਦਾ ਹੈ, ਖੇਤੀ ਦੀਆਂ ਨਵੀਆਂ ਤਕਨੀਕਾਂ ਤੇ ਯੁਗਤਾਂ ਦੇ ਨਾਲ-ਨਾਲ ਆਪਣੀ ਪੁਰਾਣੀ ਖੇਤੀ ਦੀ ਵਿਰਾਸਤ ਤੋਂ ਵੀ ਪ੍ਰੇਰਨਾ ਲੈਣੀ ਚਾਹੀਦੀ ਹੈ। ਇਸ ਵਿਰਾਸਤ ਵਿਚ ਸ਼ਾਮਲ ਸਨ -ਕੰਮ ਨਾਲ ਪਿਆਰ, ਸੰਜਮ, ਸਾਦਮੀ ਅਤੇ ਸਾਂਝੇ ਪਰਿਵਾਰ ਅਤੇ ਮਜ਼ਬੂਤ ਭਾਈਚਾਰਾ।

ਆਉਣ ਵਾਲੇ ਸਮੇਂ ਵਿਚ ਕਿਸਾਨਾਂ ਨੂੰ ਖਪਤਕਾਰਾਂ ਨਾਲ ਸਿੱਧਾ ਰਾਬਤਾ ਬਣਾਉਣ ਲਈ ਨਵੀਆਂ ਤੇ ਆਪਣੀਆਂ ਮੰਡੀਆਂ ਵਿਕਸਤ ਕਰਨੀਆਂ ਹੋਣਗੀਆਂ। ਅਜਿਹੀ ਲੋੜ ਲਈ ਕੇਵਲ ਕਣਕ ਝੋਨੇ ਦੇ ਕਾਸ਼ਤਕਾਰਾਂ ਕੋਲ ਤਾਂ 11 ਮਹੀਨਿਆਂ ਦਾ ਵਿਹਲਾ ਸਮਾਂ ਹੁੰਦਾ ਹੈ, ਭਵਿੱਖ ਵਿਚ ਸਰਕਾਰਾਂ ਚਲਾਉਣ ਵਾਲੀਆਂ ਰਾਜਨੀਤਕ ਪਾਰਟੀਆਂ ਕੋਲ ਆਪਣੀਆਂ ਸਿਆਸੀ ਸਰਗਰਮੀਆਂ ਵਿੱਚੋਂ ਬਾਹਰ ਆ ਕੇ ਖੇਤੀ ਦੇ ਖੇਤਰ ਵੱਲ ਧਿਆਨ ਦੇਣ ਲਈ ਨਾ ਹੀ ਸਮਾਂ ਹੋਵੇਗਾ ਅਤੇ ਨਾ ਹੀ ਦਿਲਚਸਪੀ; ਉਹ ਤਾਂ ਉਨ੍ਹਾਂ ਵਰਗਾਂ ਵੱਲ ਧਿਆਨ ਦੇਣਗੀਆਂ ਜਿਨ੍ਹਾਂ ਵੱਲੋਂ ਉਨ੍ਹਾਂ ਨੂੰ ਚੋਣਾਂ ਜਿੱਤਣ ਵਾਸਤੇ ਸਹਿਯੋਗ ਮਿਲੇਗਾ। ਇਸ ਹਾਲਤ ਵਿਚ ਕਿਸਾਨਾਂ ਨੂੰ ਸਰਕਾਰਾਂ ਉੱਤੇ ਨਿਰਭਰਤਾ ਘਟਾਉਣ ਦੀ ਲੋੜ ਪਵੇਗੀ ਤੇ ਆਪਣੇ ਪੈਰਾਂ ਦੇ ਬਲ ਖੇਤੀ ਲਈ ਅੱਗੇ ਵਧਣਾ ਹੋਵੇਗਾ।



# ਝੋਨੇ ਦੀ ਮਸ਼ੀਨੀ ਲਵਾਈ ਲਈ ਮੈਟ ਟਾਈਪ ਪਨੀਰੀ ਤਿਆਰ ਕਰਨ ਦੀ ਵਿਧੀ

**ਝੋਨੇ ਦੀ ਟ੍ਰਾਂਸਪਲਾਂਟਿੰਗ ਮਸ਼ੀਨ ਲਈ ਖਾਸ ਤੌਰ ਤੇ ਮੈਟ ਟਾਈਪ ਪਨੀਰੀ ਦੀ ਲੋੜ ਪੈਂਦੀ ਹੈ। ਇਸ ਮੈਟ ਟਾਈਪ ਪਨੀਰੀ ਦੀ ਲੁਆਈ ਲਈ ਵੱਖ-ਵੱਖ ਤਰ੍ਹਾਂ ਦੀਆਂ ਮਸ਼ੀਨਾਂ ਜਿਵੇਂ ਕਿ ਇੰਜਣ ਨਾਲ ਚੱਲਣ ਵਾਲਾ ਪੈਡੀ ਟ੍ਰਾਂਸਪਲਾਂਟਰ, ਸਵੈ-ਚਾਲਿਤ ਪਿੱਛੇ ਚੱਲਣ ਵਾਲਾ ਪੈਡੀ ਟ੍ਰਾਂਸਪਲਾਂਟਰ ਅਤੇ ਸਵੈ-ਚਾਲਿਤ ਚਾਰ ਪਹੀਆ ਕਿਸਮ ਦਾ ਪੈਡੀ ਟ੍ਰਾਂਸਪਲਾਂਟਰ ਆਦਿ ਉਪਲੱਬਧ ਹਨ। ਇਸ ਨਾਲ ਲੇਬਰ ਦੀ ਹੱਥੀ ਤਰੀਕੇ ਨਾਲ ਲੁਆਈ ਦੇ ਮੁਕਾਬਲੇ, ਪਿੱਛੇ ਚੱਲਣ ਵਾਲਾ ਟ੍ਰਾਂਸਪਲਾਂਟਰ ਨਾਲ 78% ਅਤੇ ਸਵੈ-ਚਾਲਿਤ ਚਾਰ ਪਹੀਆ ਕਿਸਮ ਦਾ ਪੈਡੀ ਟ੍ਰਾਂਸਪਲਾਂਟਰ ਨਾਲ 87% ਦੀ ਬੱਚਤ ਹੁੰਦੀ ਹੈ। ਝੋਨੇ ਦੀ ਮਸ਼ੀਨੀ ਲਵਾਈ ਲਈ ਇਕ ਵਿਸ਼ੇਸ਼ ਤਰੀਕੇ ਨਾਲ ਤਿਆਰ ਕੀਤੀ ਗਈ ਮੈਟ ਟਾਈਪ ਪਨੀਰੀ ਦੀ ਲੋੜ ਹੁੰਦੀ ਹੈ। ਇਸ ਲਈ ਮੈਟ ਟਾਈਪ ਪਨੀਰੀ ਤਿਆਰ ਕਰਨ ਦੀ ਪ੍ਰਕਿਰਿਆ ਹੇਠ ਲਿਖੇ ਅਨੁਸਾਰ ਹੈ :**

**ਕਰੁਣ ਸ਼ਰਮਾ, ਮਹੇਸ਼ ਕੁਮਾਰ ਨਾਰੰਗ ਅਤੇ ਹਰਸ਼ਨੀਤ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ**
(ਮੋ. 96462-80824)

**ਤਿਆਰ ਕਰਨ ਲਈ ਥਾਂ ਦੀ ਚੋਣ** : ਇਕ ਤੰਦਰੁਸਤ ਮੈਟ ਟਾਈਪ ਪਨੀਰੀ ਤਿਆਰ ਕਰਨ ਲਈ ਸਹੀ ਥਾਂ ਦੇ ਨਾਲ-ਨਾਲ ਹੇਠ ਲਿਖੀਆਂ ਗੱਲਾਂ ਦਾ



ਧਿਆਨ ਰੱਖੋ :

★ ਪਨੀਰੀ ਬੀਜਣ ਦੀ ਥਾਂ ਚੰਗੀ ਤਰ੍ਹਾਂ ਪੱਧਰ ਹੋਣੀ ਚਾਹੀਦੀ ਹੈ ਅਤੇ ਟਿਊਬਵੈੱਲ ਅਤੇ ਦਰਖਤਾਂ ਤੋਂ ਘੱਟ ਘੱਟ 20 ਮੀਟਰ ਦੀ ਦੂਰੀ ਹੋਣੀ ਚਾਹੀਦੀ ਹੈ।

★ ਪਨੀਰੀ ਵਾਲੇ ਖੇਤ ਦੀ ਮਿੱਟੀ ਉਪਜਾਊ ਹੋਣੀ ਚਾਹੀਦੀ ਹੈ ਅਤੇ ਜੇ ਹੋ ਸਕੇ ਮੈਰਾ ਕਿਸਮ ਦੀ ਹੋਵੇ।

★ ਪਨੀਰੀ ਦੀ ਬਿਜਾਈ ਝੋਨਾ ਲਗਾਉਣ ਵਾਲੇ ਖੇਤਾਂ ਦੇ ਨੇੜੇ ਹੀ ਕਰੋ ਤਾਂ ਜੋ ਢੋਆ-ਢੁਆਈ ਦਾ ਕੰਮ ਘੱਟ ਜਾਵੇ।

★ ਖੇਤ ਨੂੰ ਵੱਤਰ ਆਉਣ ਤੇ ਚੰਗੀ ਤਰ੍ਹਾਂ ਵਾਹੀ ਕਰਕੇ ਸੁਹਾਗਾ ਮਾਰ ਦਿਓ।

**ਪਨੀਰੀ ਤਿਆਰ ਕਰਨ ਲਈ ਜ਼ਰੂਰੀ ਵਸਤਾਂ** : ਝੋਨੇ ਦੀ ਮੈਟ ਟਾਈਪ ਪਨੀਰੀ ਤਿਆਰ ਕਰਨ ਲਈ ਹੇਠ ਲਿਖੇ ਸਮਾਨ ਦੀ ਜ਼ਰੂਰਤ ਪੈਂਦੀ ਹੈ ;

★ **ਪਾਲੀਥੀਨ ਸ਼ੀਟ** : ਤਿਆਰ ਕੀਤੀ ਥਾਂ ਉੱਤੇ 50-60 ਗੇਜ਼ ਦੀ ਪਤਲੀ ਅਤੇ 90-100 ਸੈਂਟੀਮੀਟਰ ਚੌੜੀ ਪਲਾਸਟਿਕ ਦੀ ਸ਼ੀਟ ਵਿਚ 1-2 ਮਿਲੀਮੀਟਰ ਸਾਈਜ਼ ਦੇ ਸੁਰਾਖ ਕੱਡ ਕੇ ਵਿਛਾ ਦਿਓ। ਟਰੈਕਟਰ ਚਲਿਤ ਮੈਟ ਟਾਈਪ ਨਰਸਰੀ ਸੀਡਰ ਲਈ ਪਲਾਸਟਿਕ ਦੀ ਸ਼ੀਟ 100 ਸੈਂਟੀਮੀਟਰ ਚੌੜੀ ਹੋਵੇ।

★ **ਫਰੇਮ** : ਵਿਛਾਈ ਹੋਈ ਸ਼ੀਟ ਉੱਤੇ ਫਰੇਮ ਜਿਸ ਦੇ ਇੱਕ ਖਾਨੇ ਦਾ ਮਾਪ ਇੰਜਣ ਵਾਲੀ ਮਸ਼ੀਨ ਲਈ 45×21×2 ਸੈਂਟੀਮੀਟਰ ਅਤੇ ਸਵੈਚਾਲਿਤ ਮਸ਼ੀਨ ਲਈ 58×28×2 ਸੈਂਟੀਮੀਟਰ ਰੱਖੋ।

★ ਫਰੇਮ ਦੇ ਖਾਨੇ ਅਤੇ ਸਾਈਜ਼ ਮਸ਼ੀਨ ਦੇ ਮੁਤਾਬਕ ਹੋਣੇ ਚਾਹੀਦੇ ਹਨ।

**ਪਨੀਰੀ ਤਿਆਰ ਕਰਨ ਦੀ ਵਿਧੀ**

: ਤਿਆਰ ਕੀਤੀ ਥਾਂ ਉੱਤੇ 50-60 ਗੇਜ਼ ਦੀ ਪਤਲੀ ਅਤੇ 90-100 ਸੈਂਟੀਮੀਟਰ ਚੌੜੀ ਪਲਾਸਟਿਕ ਦੀ ਸ਼ੀਟ ਵਿਛਾ ਦਿਓ। ਇਕ ਏਕੜ ਦੀ ਪਨੀਰੀ ਲਈ 20 ਗ੍ਰਾਮ ਸ਼ੀਟ ਜੋ 15 ਮੀਟਰ ਲੰਬੀ ਹੁੰਦੀ ਹੈ, ਦੀ ਜ਼ਰੂਰਤ ਪੈਂਦੀ ਹੈ।

★ ਫਰੇਮ ਦੇ ਦੋਨੋਂ ਪਾਸਿਆਂ ਤੋਂ ਕੱਸੀ ਨਾਲ ਮਿੱਟੀ ਚੁੱਕ ਕੇ ਫਰੇਮ ਵਿਚ ਇਕਸਾਰ ਪਾ ਕੇ ਪੱਧਰ ਕਰ ਦਿਓ।

★ ਫਰੇਮ ਵਾਲੀ ਮਿੱਟੀ ਨੂੰ ਅਲੱਗ ਵੀ ਇੱਕ ਚੌਥਾਈ ਹਿੱਸਾ ਰੂੜੀ ਮਿਲਾ ਕੇ ਤਿਆਰ ਕੀਤਾ ਜਾ ਸਕਦਾ ਹੈ।

★ ਹਰ ਖਾਨੇ ਉੱਤੇ 50-60 ਗ੍ਰਾਮ ਪੁੰਗਰਿਆ ਹੋਇਆ ਬੀਜ ਇਸ ਤਰ੍ਹਾਂ ਖਿਲਾਰੋ ਕਿ ਇਕ ਸੈਂਟੀਮੀਟਰ ਦੇ ਖੇਤਰਫਲ ਵਿਚ 2 ਤੋਂ 3 ਦਾਣੇ ਆਉਣ। ਬੀਜ ਨੂੰ ਇਕਸਾਰ ਖਿਲਾਰਨ ਵਾਲੇ ਰੋਲਰ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ।

★ ਇਕ ਏਕੜ ਪਨੀਰੀ ਲਈ 10-12 ਕਿਲੋ ਬੀਜ ਜਿਸ ਤੋਂ ਤਕਰੀਬਨ 100-150 ਮੈਟ ਤਿਆਰ ਹੋ ਸਕਦੇ ਹਨ, ਮੈਟਾ ਦੀ ਸੰਖਿਆ ਫਰੇਮ ਦੇ ਸਾਈਜ਼ ਤੇ ਨਿਰਭਰ ਕਰਦੇ ਹਨ।

★ ਬੀਜ ਨੂੰ ਮਿੱਟੀ ਦੀ ਬਰੀਕ ਪਰਤ ਨਾਲ ਢੱਕਣ ਤੋਂ ਬਾਅਦ, ਹੱਥ ਵਾਲੇ ਫੁਆਰੇ ਨਾਲ ਪਾਣੀ ਛਿੜਕ ਦਿਓ ਤਾਂ ਕਿ ਮਿੱਟੀ ਜੰਮ ਜਾਵੇ।

**ਝੋਨੇ ਦੀ ਮੈਟ ਟਾਈਪ ਨਰਸਰੀ ਲਈ ਟਰੈਕਟਰ ਚਲਿਤ ਸੀਡਰ**

★ ਟਰੈਕਟਰ (40 ਹਾਰਸ ਪਾਵਰ ਜਾਂ ਵੱਧ) ਚਲਿਤ ਮੈਟ ਟਾਈਪ ਨਰਸਰੀ ਸੀਡਰ 1.0 ਮੀਟਰ ਚੌੜੇ ਮਿੱਟੀ ਦੇ ਬੈੱਡ ਉੱਤੇ ਪੋਲੀਥੀਨ ਸ਼ੀਟ (50-60 ਗੇਜ) ਵਿਛਾਉਣ, ਸ਼ੀਟ ਉੱਪਰ 1.0 ਇੰਚ ਮੋਟੀ ਮਿੱਟੀ ਦੀ ਪਰਤ ਪਾਉਣ ਅਤੇ ਨਾਲ ਹੀ ਬੈੱਡ ਉੱਤੇ ਬੀਜ ਪਾਉਣ ਦਾ ਕੰਮ ਇੱਕ ਵਾਰ ਵਿੱਚ ਹੀ ਕਰਦਾ ਹੈ। ਇਹ ਮਸ਼ੀਨ ਇੰਜਨ ਵਾਲੇ ਅਤੇ ਸਵੈਚਾਲਿਤ ਝੋਨਾ ਟ੍ਰਾਂਸਪਲਾਂਟਰ ਲਈ ਮੈਟ ਟਾਈਪ ਨਰਸਰੀ ਤਿਆਰ ਕੀਤੀ ਜਾ ਸਕਦੀ ਹੈ। ਇਸ ਨਾਲ ਲੇਬਰ ਅਤੇ ਖਰਚੇ ਦੀ ਹੱਥੀ ਤਰੀਕੇ ਦੇ ਮੁਕਾਬਲੇ 93-95% ਅਤੇ 64-68% ਕ੍ਰਮਵਾਰ ਬੱਚਤ ਹੁੰਦੀ ਹੈ। ਇਸ ਮਸ਼ੀਨ ਨਾਲ ਇਕ ਦਿਨ ਵਿਚ 150 ਏਕੜ ਦੀ ਪਨੀਰੀ ਦੀ ਬਿਜਾਈ ਕੀਤੀ ਜਾ ਸਕਦੀ ਹੈ।

**ਤਿਆਰ ਕੀਤੀ ਮੈਟ ਟਾਈਪ ਪਨੀਰੀ ਦੀ ਦੇਖਭਾਲ**

ਝੋਨੇ ਦੀ ਮੈਟ ਟਾਈਪ ਪਨੀਰੀ ਨੂੰ ਆਮ ਪਨੀਰੀ ਨਾਲੋਂ ਜ਼ਿਆਦਾ ਦੇਖਭਾਲ ਦੀ ਲੋੜ ਹੁੰਦੀ ਹੈ। ਇਸ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ :

★ ਪਨੀਰੀ ਦੀ ਬਿਜਾਈ ਤੋਂ ਬਾਅਦ ਖੇਤ ਨੂੰ ਪਾਣੀ ਦਿਓ।

★ ਪਹਿਲੇ ਦੋ-ਤਿੰਨ ਪਾਣੀ ਬੜੇ ਧਿਆਨ ਨਾਲ ਲਾਓ, ਜਿਸ ਵਿਚ ਪਾਣੀ ਦਾ ਵਹਾਅ ਘੱਟ ਹੋਵੇ ਅਤੇ ਪਾਣੀ ਇਕਸਾਰ ਹੋਵੇ ਤਾਂ ਕਿ ਨਵੇਂ ਬਣੇ ਮੈਟ ਖਰਾਬ ਨਾ ਹੋਣ।

★ ਹਰ ਰੋਜ਼ ਪਾਣੀ ਲਗਾਉਣਾ ਜ਼ਰੂਰੀ ਹੈ ਤਾਂ ਕਿ ਮੈਟ ਹਮੇਸ਼ਾ ਗਿੱਲੇ ਰਹਿਣ।

★ ਇਕ ਏਕੜ ਦੀ ਪਨੀਰੀ ਲਈ 10 ਦਿਨਾਂ ਦੇ ਫਰਕ ਨਾਲ 200 ਗ੍ਰਾਮ ਯੂਰੀਆ 15 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

★ ਪਨੀਰੀ ਦੇ ਮੈਟ 25-30 ਦਿਨਾਂ ਪਿੱਛੋਂ ਲਵਾਈ ਲਈ ਤਿਆਰ ਹੋ ਜਾਂਦੇ ਹਨ। ਪਨੀਰੀ ਪੁੱਟਣ ਤੋਂ ਕੁਝ ਘੰਟੇ ਪਹਿਲਾਂ ਪਾਣੀ ਨੂੰ ਕੱਢ ਦਿਓ।

★ ਇਸ ਤਰ੍ਹਾਂ ਤਿਆਰ ਕੀਤੇ ਮੈਟ ਆਸਾਨੀ ਨਾਲ ਕਿਸੇ ਤੇਜ਼ ਬਲੇਡ ਦਾ ਦਾਤੀ ਨਾਲ ਫਰੇਮ ਦੇ ਪਏ ਚਿੰਨ੍ਹਾਂ ਮੁਤਾਬਕ ਕੱਟ ਕੇ ਉਖਾੜੇ ਜਾ ਸਕਦੇ ਹਨ।

**ਮਸ਼ੀਨ ਨਾਲ ਝੋਨੇ ਦੀ ਪਨੀਰੀ ਲਾਉਣ ਦਾ ਢੰਗ**

ਝੋਨੇ ਦੀ ਮੈਟ ਟਾਈਪ ਪਨੀਰੀ ਨੂੰ ਮਸ਼ੀਨ ਨਾਲ 30×12 ਸੈਂਟੀਮੀਟਰ ਦੇ ਫਾਸਲੇ ਤੇ ਲਾਉਣਾ ਚਾਹੀਦਾ ਹੈ। ਪੌਦੇ ਤੋਂ ਪੌਦੇ ਦੀ ਦੂਰੀ ਨੂੰ 12 ਸੈਂਟੀਮੀਟਰ ਤੇ ਸੈੱਟ ਕਰੋ।

# ਚੰਗਾ ਝਾੜ ਲੈਣ ਲਈ ਮੱਕੀ ਅਤੇ ਝੋਨੇ ਦੀ ਸਿੱਧੀ ਬਿਜਾਈ ਵਿਚ ਮੁੱਢਲਾ ਨਦੀਨ ਪ੍ਰਬੰਧ

**ਮੱਕੀ** : ★ ਮੱਕੀ ਦੀ ਬਿਜਾਈ ਦਾ ਢੁੱਕਵਾਂ ਸਮਾਂ ਮਈ ਦੇ ਆਖਰੀ ਜੂਨ ਤੱਕ ਹੈ।

★ ਜੇਕਰ ਸ਼ੁਰੂ ਵਿਚ ਨਦੀਨਾਂ ਉੱਪਰ ਸਹੀ ਢੰਗ ਨਾਲ ਕਾਬੂ ਨਾ ਪਾਇਆ ਜਾਵੇ ਤਾਂ ਨਦੀਨ ਮੱਕੀ ਦੇ ਝਾੜ ਉੱਪਰ ਕਾਫੀ ਮਾੜਾ ਅਸਰ ਪਾਉਂਦੇ ਹਨ।

★ ਮੱਕੀ ਵਿਚ ਨਦੀਨਾਂ ਦੀ ਰੋਕਥਾਮ ਲਈ ਦੋ ਗੋਡੀਆਂ ਬਿਜਾਈ ਤੋਂ 15 ਤੋਂ 30 ਦਿਨਾਂ ਬਾਅਦ ਕਰੋ।

★ ਬਿਜਾਈ ਸਮੇਂ 30 ਕੁਇੰਟਲ ਪ੍ਰਤੀ ਏਕੜ ਝੋਨੇ ਦੀ ਪਰਾਲੀ ਇਕਸਾਰ ਵਿਛਾ ਕੇ ਮੌਸਮੀ ਨਦੀਨਾਂ ਤੋਂ ਕਾਫੀ ਹੱਦ ਤੱਕ ਕਾਬੂ ਪਾਇਆ ਜਾ ਸਕਦਾ ਹੈ।

★ ਜੇਕਰ ਮੱਕੀ ਦੀਆਂ ਕਤਾਰਾਂ ਵਿਚ ਬਿਜਾਈ ਸਮੇਂ ਇਕ ਜਾਂ ਦੋ ਕਤਾਰਾਂ ਰਵਾਂਹ ਦੀਆਂ ਬੀਜੀਆਂ ਜਾਣ ਅਤੇ 35-45 ਦਿਨਾਂ ਤੇ ਕੱਟ ਲਈਆਂ ਜਾਣ ਤਾਂ ਮੱਕੀ ਵਿਚ ਇਸ ਤੋਂ ਬਾਅਦ ਨਦੀਨਾਂ ਦੀ ਕੋਈ ਖਾਸ ਸਮੱਸਿਆ ਨਹੀਂ ਆਉਂਦੀ।

★ ਨਦੀਨਾਂ ਦੀ ਰੋਕਥਾਮ ਲਈ ਐਟਰਾਟਾਫ/ਐਟਰਾਗੋਲਡ/ਮਾਸਟਾਫ/ ਅਟਾਰੀ/ਟਰੈਕਸ 50 ਡਬਲਯੂ ਪੀ (ਐਟਰਾਜ਼ੀਨ) ਹਲਕੀਆਂ ਜ਼ਮੀਨਾਂ ਲਈ 500 ਗ੍ਰਾਮ ਅਤੇ ਭਾਰੀਆਂ ਜ਼ਮੀਨਾਂ ਲਈ 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਵਿਚ ਘੋਲਕੇ ਬਿਜਾਈ ਤੋਂ 10 ਦਿਨਾਂ ਦੇ ਅੰਦਰ ਛਿੜਕਾਅ ਕਰੋ। ਇਹ ਨਦੀਨ ਨਾਸ਼ਕ ਘਾਹ ਵਾਲੇ ਨਦੀਨ ਅਤੇ ਚੌੜੀ ਪੱਤੀ ਵਾਲੇ ਨਦੀਨ ਖਾਸ ਕਰਕੇ ਇੱਟ ਸਿੱਟ ਉੱਤੇ ਬਹੁਤ ਕਾਰਗਰ ਹੈ।



★ ਐਟਰਾਜ਼ੀਨ 250 ਗ੍ਰਾਮ ਪ੍ਰਤੀ ਏਕੜ ਨੂੰ ਫਸਲ ਦੀਆਂ ਕਤਾਰਾਂ ਤੇ ਚੌੜੀ ਪੱਟੀ (20 ਸੈਂਟੀਮੀਟਰ) ਵਿਚ ਛਿੜਕਾਅ ਕਰੋ ਅਤੇ ਉਸਤੋਂ ਬਾਅਦ ਕਤਾਰਾਂ ਵਿਚਕਾਰ 15-30 ਦਿਨਾਂ ਉੱਤੇ ਗੋਡੀ ਕਰ ਦਿਓ।

**ਸਿੱਧੀ ਬਿਜਾਈ ਵਾਲਾ ਝੋਨਾ** :

★ ਚੰਗਾ ਝਾੜ ਲੈਣ ਲਈ ਪਰਮਲ ਝੋਨੇ ਦੀ ਬਿਜਾਈ ਜੂਨ ਦੇ ਪਹਿਲੇ ਪੰਦਰ੍ਹਵਾੜੇ ਵਿਚ ਕਰੋ।

★ ਝੋਨੇ ਦੀ ਸਿੱਧੀ ਬਿਜਾਈ ਤਰ-ਵੱਤਰ ਵਿਚ ਕਰਨ ਨਾਲ ਨਦੀਨ ਘੱਟ ਉੱਗਦੇ ਹਨ।

★ ਇਸ ਵਿਧੀ ਵਿਚ ਝੋਨੇ ਵਿਚ ਪਹਿਲਾਂ ਪਾਣੀ ਤਕਰੀਬਨ ਬਿਜਾਈ ਤੋਂ 21 ਦਿਨਾਂ ਬਾਅਦ ਲਾਇਆ ਜਾਂਦਾ ਹੈ।

★ ਝੋਨੇ ਦੇ ਸ਼ੁਰੂਆਤ ਵਾਧੇ ਸਮੇਂ ਘਾਹ ਵਾਲੇ ਅਤੇ ਚੌੜੀ ਪੱਤੀ ਵਾਲੇ ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਤੁਰੰਤ ਬਾਅਦ ਸਟੌਂਪ/ਬੰਕਰ 30 ਈ ਸੀ (ਪੈਂਡੀਮੈਥਾਲਿਨ) 1.0 ਲਿਟਰ ਪ੍ਰਤੀ ਏਕੜ ਨੂੰ 200 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ।

★ ਸਟੌਂਪ/ਬੰਕਰ ਦਾ ਛਿੜਕਾਅ ਵੱਤਰ ਖੇਤ ਵਿਚ ਸਵੇਰ ਵੇਲੇ ਜਾਂ ਸ਼ਾਮ ਵੇਲੇ ਕਰੋ।

★ ਝੋਨੇ ਦੀ ਸਿੱਧੀ ਬਿਜਾਈ ਲੱਕੀ ਸੀਡ ਡਰਿੱਲ ਨਾਲ ਕਰੋ ਜੋ ਬਿਜਾਈ ਅਤੇ ਨਦੀਨ ਨਾਸ਼ਕ ਦਾ ਛਿੜਕਾਅ ਨਾਲੋਂ-ਨਾਲ ਕਰਦੀ ਹੈ।

★ ਜੇਕਰ ਬਿਜਾਈ ਸੁੱਕੇ ਖੇਤ ਵਿਚ ਕੀਤੀ ਹੈ ਤਾਂ ਬਿਜਾਈ ਤੋਂ ਤੁਰੰਤ ਬਾਅਦ ਸਿੰਚਾਈ ਕਰੋ ਅਤੇ ਖੇਤ ਵੱਤਰ ਆਉਦਿਆਂ ਹੀ ਸਟੌਂਪ/ਬੰਕਰ ਨਾਸ਼ਕ ਦਾ ਛਿੜਕਾਅ ਕਰੋ।

★ ਨਦੀਨ ਨਾਸ਼ਕ ਦੇ ਛਿੜਕਾਅ ਤੋਂ ਬਾਅਦ ਬਚੇ ਖੁਚੇ ਵੱਡੇ ਨਦੀਨਾਂ ਨੂੰ ਹੱਥੀਂ ਪੁੱਟ ਦਿਉ।

**ਪਰਮਿੰਦਰ ਸਿੰਘ ਸੰਧੂ ਅਤੇ ਮਨਪ੍ਰੀਤ ਸਿੰਘ,**
**ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨਤਾਰਨ**
**ਮੋਬਾਇਲ** : 98882-99130

# ਆਓ ਗਰਮੀ ਤੋਂ ਬਚੀਏ

ਹਰ ਮੌਸਮ ਹਰ ਸਾਲ ਆਉਂਦਾ ਹੈ। ਜੋ ਕੁਦਰਤ ਦਾ ਨਿਯਮ ਹੈ। ਆਪਾਂ ਨੂੰ ਹਰ ਮੌਸਮ ਦਾ ਮੁਕਾਬਲਾ ਕਰਨਾ ਪੈਣਾ ਹੈ। ਬਹੁਤ ਸਰਦੀ ਵੀ ਝੱਲਣੀ ਪੈਣੀ ਹੈ ਅਤੇ ਬਹੁਤੀ ਗਰਮੀ ਵੀ ਸਹਿਣੀ ਪੈਣੀ ਹੈ। ਇਹਦੇ ਵਿਚਲੇ ਖਰਾਬ ਹੁੰਦੇ ਮੌਸਮ ਬਰਸਾਤਾਂ, ਗੜ੍ਹੇ, ਹਨੇਰੀ, ਤੂਫਾਨ, ਭੂਚਾਲ ਇਹ ਵੱਖਰੇ ਹਨ। ਇਸ ਧਰਤੀ ਤੇ ਰਹਿਣਾ ਹੈ ਤਾਂ ਸਹਿਣਾ ਵੀ ਹੈ। ਜਦੋਂ ਕੋਈ ਮੌਸਮ ਆਉਂਦਾ ਹੈ, ਉਸ ਤੋਂ ਬਚਣ ਲਈ ਉਪਰਾਲੇ ਬਹੁਤ ਹਨ। ਉਹ ਹਨ ਘਰ ਦੀਆਂ ਖੁਰਾਕਾਂ, ਫਲ, ਸਬਜ਼ੀਆਂ ਅਤੇ ਜੜ੍ਹੀ ਬੂਟੀਆਂ ਜੋ ਕਾਫੀ ਹੱਦ ਤੱਕ ਤੁਹਾਨੂੰ ਬਚਾਅ ਕੇ ਰੱਖਦੀਆਂ ਹਨ। ਦੂਜੀ ਗੱਲ ਇਹ ਹੈ ਕਿ ਮੌਸਮ ਮੁਤਾਬਕ ਤੁਸੀਂ ਆਪਣਾ ਬਚਾਅ ਕਿਵੇਂ ਕਰਨਾ ਹੈ। ਜਿਵੇਂ ਸਰਦੀਆਂ 'ਚ ਗਰਮ ਕੱਪੜਿਆਂ ਦੀ ਸਰੀਰ ਲਈ ਲੋੜੀਂਦੀ ਗਰਮੀ ਜਿਵੇਂ ਸਿਰ ਲਈ ਟੋਪੀ, ਹੱਥਾਂ ਤੇ ਦਸਤਾਨੇ, ਛਾਤੀ ਢੱਕਣ ਲਈ ਕੋਟੀ ਆਦਿ ਜ਼ਰੂਰੀ ਹੈ। ਇਸਦੇ ਉਲਟ ਗਰਮੀ 'ਚ ਘੱਟ ਕੱਪੜਿਆਂ ਨਾਲ ਗੁਜ਼ਾਰਾ ਹੋ ਜਾਂਦਾ ਹੈ। ਫੇਰ ਵੀ ਗਰਮੀ ਤੋਂ ਬਚਾਅ ਲਈ ਜ਼ਰੂਰੀ ਗੱਲਾਂ ਆਪਾਂ ਨੂੰ ਚੇਤੇ ਰੱਖਣੀਆਂ ਪੈਣੀਆਂ ਹਨ। ਬਾਹਰੀ ਚਮੜੀ ਦਾ ਬਚਾਅ ਜ਼ਰੂਰੀ ਹੈ ਅਤੇ ਸਰੀਰ ਦੇ ਅੰਦਰਲੇ ਭਾਗ 'ਚ ਠੰਢਕ ਰੱਖਣੀ ਪੈਣੀ ਹੈ। ਕਿਉਂਕਿ ਜਿਹੜਾ ਇਨਸਾਨ ਆਪਣੀ ਦੇਖਭਾਲ ਖੁਦ ਹੀ ਨਹੀਂ ਕਰ ਸਕਦਾ, ਉਹ ਕਾਹਦਾ ਇਨਸਾਨ ਹੋਇਆ। ਐਤਕੀਂ ਸਰਕਾਰ ਵੱਲੋਂ ਰੈੱਡ ਅਲਰਟ ਜਾਰੀ ਹੋਇਆ ਕਿ ਗਰਮੀ ਬਹੁਤ ਜ਼ਿਆਦਾ ਪੈਣੀ ਹੈ। ਸੋ ਮੈਂ ਅੱਜ ਤੁਹਾਨੂੰ ਗਰਮੀ ਦੇ ਕਹਿਰ ਤੋਂ ਬਚਣ ਲਈ ਕੁਝ ਸਲਾਹਾਂ ਅਤੇ ਨੁਸਖੇ ਦੱਸਾਂਗਾਂ, ਉਹ ਜ਼ਰੂਰ ਅਪਣਾਉ ਅਤੇ ਆਪ ਆਪਣੇ ਪ੍ਰਤੀ ਗੰਭੀਰ ਹੋਵੋ। ਆਓ ਆਪਾਂ ਕੁਝ ਨੁਸਖਿਆਂ ਤੇ ਝਾਤ ਮਾਰੀਏ।



1. ਗੁਲਾਬ ਫੁੱਲ 250 ਗ੍ਰਾਮ ਨੂੰ 300 ਗ੍ਰਾਮ ਪਾਣੀ 'ਚ ਚੱਟਨੀ ਵਾਂਗ ਕੁੱਟੋ। ਫੇਰ ਇਹਨੂੰ ਛਾਣ ਲਵੋ। ਇਸ ਵਿੱਚ 250 ਗ੍ਰਾਮ ਚੀਨੀ ਪਾ ਕੇ ਉਬਾਲੋ। ਇੱਕ ਤਾਰ ਦੀ ਚਾਸ਼ਨੀ ਤੋਂ ਪਹਿਲਾਂ-ਪਹਿਲਾਂ ਗੈਸ ਬੰਦ ਕਰ ਦਿਉ। ਹੁਣ ਇਸ ਵਿੱਚ 10 ਐੱਮ. ਐੱਲ. ਨਿੰਬੂ ਰਸ ਪਾ ਕੇ ਇਹਨੂੰ ਗਰਮ-ਗਰਮ ਹੀ ਛਾਣ ਲਵੋ। ਠੰਢਾ ਨਾ ਹੋਣ ਦਿਉ ਨਹੀਂ ਤਾਂ ਛਾਣ ਨਹੀਂ ਹੋਣਾ। ਇਹ ਤਿਆਰ ਹੈ। ਇਹ ਇਕ ਸਾਲ ਖਰਾਬ ਨਹੀਂ ਹੁੰਦਾ, ਫਰਿੱਜ਼ 'ਚ ਰੱਖੋ। ਲੋੜ ਅਨੁਸਾਰ 250 ਗ੍ਰਾਮ ਪਾਣੀ 'ਚ 25 ਐੱਮ. ਐੱਲ. ਪਾ ਕੇ ਪੀਵੋ ਗਰਮੀ ਵਿੱਚ ਸਰੀਰ ਨੂੰ ਠੰਢਕ ਪਹੁੰਚਾਉਂਦਾ ਹੈ। ਦਿਲ ਅਤੇ ਦਿਮਾਗ ਸ਼ਾਂਤ ਰਹਿੰਦਾ ਹੈ।

2. 5-6 ਫੱਲ ਅੰਜ਼ੀਰ ਕੱਟ ਕੇ ਛੋਟੇ-ਛੋਟੇ ਪੀਸ ਬਣਾ ਲਵੋ। 2 ਚਮਚ ਮਿਸ਼ਰੀ ਮਿਲਾ ਕੇ ਰਾਤ ਨੂੰ ਮਿੱਟੀ ਦੇ ਭਾਂਡੇ 'ਚ ਇੱਕ ਗਲਾਸ ਪਾਣੀ ਮਿਲਾਕੇ ਚਾਂਦਨੀ ਰਾਤ 'ਚ ਰੱਖ ਦਿਉ। ਸਵੇਰੇ ਇਹ ਪਾਣੀ ਅਤੇ ਅੰਜ਼ੀਰ ਚਬਾ-ਚਬਾ ਕੇ ਖਾ ਲਵੋ।

**ਫਾਇਦੇ** : ਅੰਜ਼ੀਰ ਗਰਮੀ ਦਾ ਇਕ ਬਹੁਤ ਵਧੀਆ ਫਲ ਹੈ। ਇਸ ਵਿੱਚ ਖੁਰਾਕੀ ਤੱਤ ਬਹੁਤ ਹੁੰਦੇ ਹਨ। ਇਸ ਨਾਲ ਗਰਮੀ ਤੋਂ ਬਚਾਅ ਰਹੇਗਾ। ਬੀ. ਪੀ ਕੰਟਰੋਲ ਰਹੇਗਾ। ਨਕਸੀਰ ਚੱਲਦੀ ਹੋਵੇ ਤਾਂ ਬਚਾਅ ਰਹੇਗਾ। ਇਸ ਤੋਂ ਇਲਾਵਾ ਗੰਨੇ ਦਾ ਰਸ, ਸੱਤੂ, ਗੁਲਕੰਦ, ਪੇਠਾ, ਆਂਵਲਾ, ਤਰਬੂਜ਼, ਸਾਬੂਦਾਣਾ। ਹਫਤੇ 'ਚ 1-2 ਵਾਰ ਜਰੂਰ ਖਾਉ। ਇਨ੍ਹਾਂ 'ਚੋਂ ਇੱਕ ਚੀਜ਼ ਵਾਰੀ-ਵਾਰੀ ਵਰਤੋ।

3. ਤਰਬੂਜ਼ ਮਗਜ਼, ਕੱਦੂ ਮਗਜ਼, ਕਕੜੀ ਮਗਜ਼, ਖੀਰਾ ਮਗਜ਼, ਗਾਜਬਾਨ, ਇਹ ਸਾਰੇ 50-50 ਗ੍ਰਾਮ ਸੌਂਫ 100 ਗ੍ਰਾਮ ਸਭ ਨੂੰ ਅਲੱਗ ਪੀਸ ਕੇ ਮਿਲਾ ਲਵੋ। ਇਹ ਪਾਊਡਰ ਦੇ 2 ਚਮਚ, 5 ਦਾਣੇ ਉਨਾਬ ਟੁਕੜੇ-ਟੁਕੜੇ ਕਰਕੇ, 2 ਚਮਚ ਗੁਲਕੰਦ ਪਾ ਕੇ ਢੱਕ ਕੇ ਰੱਖ ਦਿਉ। ਸਵੇਰੇ ਸਭ ਨੂੰ ਮੱਲ ਛਾਣ ਕੇ ਰੋਟੀ ਤੋਂ ਪਹਿਲਾਂ ਪੀ ਲਵੋ। ਇਸ ਤਰ੍ਹਾਂ ਸਵੇਰੇ ਰੱਖ ਕੇ ਸ਼ਾਮ ਨੂੰ ਪੀ ਲਵੋ।

**ਫਾਇਦੇ** : ਪੇਸ਼ਾਬ ਦੀ ਗਰਮੀ, ਆਂਤੜੀਆਂ ਦੀ ਖੁਸ਼ਕੀ, ਜ਼ਿਆਦਾ ਪਸੀਨਾ ਆਉਣਾ, ਸਿਰ ਦਰਦ, ਨੀਂਦ ਨਾ ਆਉਣਾ ਠੀਕ ਹੁੰਦਾ ਹੈ ਕਿਉਂਕਿ ਜ਼ਿਆਦਾ ਗਰਮੀ 'ਚ ਇਹ ਰੋਗ ਵੱਧਦੇ ਹਨ।

4. 1 ਕਿਲੋ ਗੁਲਕੰਦ 'ਚ 10 ਗ੍ਰਾਮ ਪ੍ਰਵਾਲ ਪਿਸਟੀ ਮਿਲਾ ਕੇ ਰੱਖ ਲਵੋ। ਪ੍ਰਵਾਲ ਪਿਸਟੀ ਆਯੂਰਵੈਦ ਮੈਡੀਕਲ ਸਟੋਰ ਤੋਂ ਆਮ ਮਿਲ ਜਾਂਦੀ ਹੈ। ਇਸ ਗੱਲ ਦਾ ਧਿਆਨ ਰੱਖੋ, ਪ੍ਰਵਾਲ ਪਿਸਟੀ ਨੂੰ ਥੋੜ੍ਹਾ-ਥੋੜ੍ਹਾ ਕਰਕੇ ਚੰਗੀ ਤਰ੍ਹਾਂ ਮਿਲਾਉਣਾ ਹੈ। 1 ਚਮਚ ਸਵੇਰੇ-ਸ਼ਾਮ ਖਾਉ। ਜਿਨ੍ਹਾਂ ਨੂੰ ਗਰਮੀ ਜ਼ਿਆਦਾ ਮਹਿਸੂਸ ਹੁੰਦੀ ਹੈ। ਉਨ੍ਹਾਂ ਲਈ ਬਹੁਤ ਚੰਗੀ ਅਤੇ ਕੁਦਰਤੀ ਚੀਜ਼ ਹੈ।

5. ਨਿੰਬੂ 25 ਨਗ, ਆਂਵਲਾ 50 ਨਗ, ਇਨ੍ਹਾਂ ਦਾ ਰਸ ਕੱਢੋ। ਇਸ ਰਸ 'ਚ 20 ਗ੍ਰਾਮ ਮਿਸ਼ਰੀ, 25 ਗ੍ਰਾਮ ਸੇਂਧਾ ਨਮਕ, ਪਲਾਸ ਦੇ ਫੁੱਲ 250 ਗ੍ਰਾਮ (ਜੇ ਮਿਲ ਜਾਣ ਤਾਂ ਜ਼ਿਆਦਾ ਪ੍ਰਭਾਵਸ਼ਾਲੀ ਬਣੇਗਾ)। ਕਿਸੇ ਚੀਨੀ ਦੇ ਭਾਂਡੇ 'ਚ ਪਾ ਕੇ 3 ਮਹੀਨੇ ਧੁੱਪ 'ਚ ਰੱਖ ਦਿਉ। ਬਾਅਦ 'ਚ ਕੱਪੜੇ ਨਾਲ ਛਾਣ ਕੇ ਰੱਖ ਲਵੋ। 1 ਚਮਚ ਖਾਲੀ ਪੇਟ ਪੀਵੋ। 1 ਘੰਟਾ ਕੁਝ ਨਾ ਖਾਓ। ਗਰਮੀ ਵਿੱਚ ਵੀ ਗਰਮੀ ਨਹੀਂ ਲਗੇਗੀ। ਦਿਲ, ਦਿਮਾਗ ਸ਼ਾਂਤ ਰਹੇਗਾ। ਇਹ ਨੁਸਖਾ ਔਖਾ ਹੈ ਪਰ ਇਸ ਵਾਰ ਨਹੀਂ ਤਾਂ ਅਗਲੀ ਵਾਰ ਬਣਾ ਲਵੋ। ਕਈਂ ਵਾਰੀ ਮੌਸਮ ਮੁਤਾਬਿਕ ਚੀਜ਼ਾਂ ਮਿਲਦੀਆਂ ਨਹੀਂ। ਨੁਸਖਾ ਤੁਹਾਨੂੰ ਦੱਸ ਦਿੱਤਾ ਹੈ। ਸਾਂਭ ਲਵੋ ਸਾਰੀ ਉਮਰ ਕੰਮ ਆਏਗਾ।

6. ਬੰਸਲੋਚਣ ਸੱਤ ਗਿਲੋ, ਮੁਕਤਾ ਸੁਕਤੀ ਭਸਮ, ਚੰਦਨ ਸਫੈਦ ਬੁਰਾਦਾ, ਅਸਰੋਲ, ਸਭ 10-10 ਗ੍ਰਾਮ ਸਭ ਨੂੰ 1 ਬੋਤਲ ਗੁਲਾਬ ਅਰਕ 'ਚ ਖਰਲ ਕਰਕੇ ਖੂਬ ਘੋਟੋ। ਅਰਥਾਤ ਇਨ੍ਹਾਂ ਪੰਜ ਚੀਜ਼ਾਂ 'ਚ ਥੋੜ੍ਹਾ-ਥੋੜ੍ਹਾ ਗੁਲਾਬ ਅਰਕ ਪਾਈ ਜਾਣਾ ਅਤੇ ਘੋਟੀ ਜਾਣਾ। ਜਦ ਸਾਰੀ ਦਵਾਈ ਗੁਲਾਬ ਦੇ ਅਰਕ ਵਿੱਚ ਜ਼ਜ਼ਬ ਹੋ ਜਾਵੇ ਤਾਂ ਇਸਨੂੰ 1 ਕਿਲੋ ਗੁਲਕੰਦ 'ਚ ਮਿਲਾ ਦਿਉ। ਨੁਸਖਾ ਤਿਆਰ ਹੈ। ਅੱਧਾ ਚਮਚ ਸਵੇਰੇ ਸ਼ਾਮ ਖਾਉ। ਬੱਚੇ ਨੂੰ ਚੌਥਾ ਹਿੱਸਾ ਦੇਵੋ। ਨਾਲ ਲੱਸੀ ਪੀ ਲਵੋ। ਜਿਹੜਾ ਬੰਦਾ ਗਰਮੀ 'ਚ ਇਹ ਸਮੱਗਰੀ 1 ਕਿਲੋ ਖਾ ਗਿਆ। ਉਸਦਾ ਸਰੀਰ ਏ ਸੀ ਵਾਂਗ ਰਹੇਗਾ, ਗਰਮੀ ਮਹਿਸੂਸ ਨਹੀਂ ਹੋਵੇਗੀ। ਬਾਕੀ ਗਰਮੀ 'ਚ ਕੁਦਰਤੀ ਜੂਸ, ਫਲਾਂ ਦਾ ਰਸ, ਲੱਸੀ ਸਿਕੰਜਵੀ ਪੀਵੋ। ਕੋਲਡ ਡਰਿੰਕ ਪੀ-ਪੀ ਕੇ ਵਿਦੇਸ਼ੀ ਕੰਪਨੀਆਂ ਨੂੰ ਅਮੀਰ ਨਾ ਬਣਾਈ ਜਾਵੋ। ਤੁਹਾਡਾ ਸਰੀਰ ਰੋਗੀ ਹੋਵੇਗਾ। ਬੱਚਿਆਂ ਨੂੰ ਸਕੂਲ ਜਾਣ ਲੱਗੇ ਜਿਹੜੀ ਪਾਣੀ ਦੀ ਬੋਤਲ ਬੱਚੇ ਨੂੰ ਦਿੰਦੇ ਹੋ, ਉਹਦੇ ਵਿੱਚ ਅੰਗੂਰਾਂ ਦੀ ਖੰਡ ਅਰਥਾਤ ਗੁਲੂਕੋਜ਼ ਸੀ ਜਾਂ ਡੀ ਮਿਲਾ ਕੇ ਸਕੂਲ ਭੇਜੋ। ਕਿਸੇ ਵੀ ਨੁਸਖੇ ਨੂੰ ਬਣਾਉਣ ਵੇਲੇ ਮੇਹਨਤ ਕਰੋ। ਤੁਸੀਂ ਬਣਾ ਕੇ ਤਾਂ ਦੇਖੋ ਤੁਹਾਡੀ ਅਸੀਸਾਂ ਮੇਰੀਆਂ ਝੋਲੀਆਂ ਭਰ ਦੇਣਗੀਆਂ।

**ਵੈਦ ਬੀ. ਕੇ. ਸਿੰਘ (ਜੈ ਸਿੰਘ ਵਾਲਾ) ਮੋ. 98726-10005**

## ਗਰਮ ਰੁੱਤ ਵਿੱਚ
# ਮੁਰਗੀਆਂ ਲਈ ਸੁਚੱਜੇ ਪ੍ਰਬੰਧ

★ ਮੁਰਗੀ ਘਰ ਵਿੱਚ ਪੰਛੀਆਂ ਦੀ ਗਿਣਤੀ ਸਰਦੀਆਂ ਦੇ ਮੁਕਾਬਲੇ 20 ਪ੍ਰਤੀਸ਼ਤ ਤੱਕ ਘਟਾ ਦੇਣੀ ਚਾਹੀਦੀ ਹੈ।

★ ਚੂਚੇ ਵੀ ਧਿਆਨ ਨਾਲ ਉਸ ਸਮੇਂ ਖਰੀਦੋ ਤਾਂ ਜੋ ਮੁਰਗੀਆਂ ਦੀ ਵੱਧੋ ਵੱਧ ਪੈਦਾਵਾਰ ਦਾ ਸਮਾਂ ਸਿਖਰ ਦੀ ਗਰਮੀ ਵੇਲੇ ਨਾ ਆਵੇ।



★ ਮੁਰਗੀਆਂ ਸਰੀਰ ਦਾ ਤਾਪਮਾਨ ਸਹੀ ਰੱਖਣ ਲਈ ਜ਼ਿਆਦਾ ਪਾਣੀ ਪੀਣ ਲੱਗ ਜਾਂਦੀਆਂ ਹਨ। ਸੋ ਠੰਡਾ ਪਾਣੀ ਹਰ ਸਮੇਂ ਉਨ੍ਹਾਂ ਲਈ ਮੌਜੂਦ ਹੋਣਾ ਚਾਹੀਦਾ ਹੈ। ਦਿਨ ਵੇਲੇ ਸਮੇਂ-ਸਮੇਂ 'ਤੇ ਪਾਣੀ ਬਦਲ ਦੇਣਾ ਚਾਹੀਦਾ ਹੈ।

★ ਮੁਰਗੀ ਸ਼ੈਡ ਦੇ ਕਿਸੇ ਵੀ ਕੋਨੇ ਤੋਂ ਲਗਭਗ 8 ਫੁੱਟ ਦੀ ਦੂਰੀ ਦੇ ਅੰਦਰ-ਅੰਦਰ ਪਾਣੀ ਹੋਣਾ ਜ਼ਰੂਰੀ ਹੈ। 40 ਪੰਛੀਆਂ ਲਈ ਘੱਟੋ-ਘੱਟ ਇੱਕ ਪਾਣੀ ਦਾ ਭਾਂਡਾ ਜ਼ਰੂਰ ਹੋਣਾ ਚਾਹੀਦਾ ਹੈ।

★ ਗਰਮ ਰੁੱਤ ਵਿੱਚ ਮੁਰਗੀ ਰਾਸ਼ਨ ਵਿੱਚ ਪ੍ਰੋਟੀਨ, ਖਣਿਜ ਅਤੇ ਵਿਟਾਮਿਨਾਂ ਦੀ ਮਾਤਰਾ ਵੀ ਵਧਾ ਦੇਣੀ ਚਾਹੀਦੀ ਹੈ, ਕਿਉਂਕਿ ਪੰਛੀ ਗਰਮੀ ਵਿੱਚ ਘੱਟ ਖਾਂਦੇ ਹਨ, ਜਿਸਦੇ ਫਲਸਰੂਪ ਖੁਰਾਕ ਵਿੱਚ ਮਿਲਣ ਵਾਲੇ ਜ਼ਰੂਰੀ ਤੱਤ ਵੀ ਘੱਟ ਜਾਂਦੇ ਹਨ।

★ ਖਣਿਜ, ਵਿਟਾਮਿਨ ਅਤੇ ਪ੍ਰੋਟੀਨ ਦੀ ਮਾਤਰਾ ਜਿੰਨੀ 110-115 ਗ੍ਰਾਮ ਖੁਰਾਕ ਵਿੱਚੋਂ ਮੁਰਗੀਆਂ ਨੂੰ ਸਰਦੀਆਂ ਵਿੱਚ ਮਿਲਦੀ ਹੈ, ਉਨੀ ਹੀ ਉਸ ਨੂੰ ਗਰਮ ਰੁੱਤ ਵਿੱਚ 85-90 ਗ੍ਰਾਮ ਖੁਰਾਕ ਵਿੱਚੋਂ ਮਿਲ ਸਕੇ।

★ ਜ਼ਿਆਦਾ ਗਰਮ ਦਿਨਾਂ ਵੇਲੇ ਸਵੇਰੇ-ਸਵੇਰੇ ਹੀ ਪੰਛੀਆਂ ਲਈ ਰੋਸ਼ਨੀ ਦਾ ਪ੍ਰਬੰਧ ਕਰ ਦਿਉ, ਤਾਂ ਜੋ ਉਹ ਜ਼ਿਆਦਾ ਖੁਰਾਕ ਖਾ ਲੈਣ।



★ ਗਰਮੀ ਵਿੱਚ ਪੰਛੀਆਂ ਨੂੰ ਵਿਟਾਮਿਨ-ਸੀ ਅਤੇ ਬੀ-ਕੰਪਲੈਕਸ ਦੇਣਾ ਲਾਭਦਾਈ ਹੁੰਦਾ ਹੈ, ਸੋ 40-50 ਗ੍ਰਾਮ ਵਿਟਾਮਿਨ ਸੀ ਪ੍ਰਤੀ ਕਿਲੋ ਖੁਰਾਕ ਦੇ ਹਿਸਾਬ ਨਾਲ ਦਿਉ।

★ ਅੰਡਿਆਂ ਨੂੰ ਦਿਨ ਵਿੱਚ ਚਾਰ-ਪੰਜ ਵਾਰ ਇਕੱਠਾ ਕਰੋ ਅਤੇ ਉਨ੍ਹਾਂ ਨੂੰ ਠੰਡਾ ਰੱਖਣ ਦਾ ਵੀ ਪ੍ਰਬੰਧ ਕਰੋ। ਅੰਡੇ ਦੇਣ ਵਾਲੀਆਂ ਮੁਰਗੀਆਂ ਲਈ 13-26 ਡਿਗਰੀ ਸੈਂਟੀਗਰੇਡ ਤੱਕ ਦਾ ਤਾਪਮਾਨ ਢੁੱਕਵਾਂ ਹੁੰਦਾ ਹੈ।

★ ਜੇ ਤਾਪਮਾਨ 38-39 ਡਿਗਰੀ ਤੋਂ ਉੱਪਰ ਹੋ ਜਾਂਦਾ ਹੈ ਤਾਂ ਮੁਰਗੀਆਂ ਵਿੱਚ ਮੌਤ ਦਾ ਖਤਰਾ ਵੱਧ ਜਾਂਦਾ ਹੈ। ਉੱਚੀਆਂ ਛੱਤਾਂ ਵਾਲੇ (3.5-4.5 ਮੀਟਰ ਤੱਕ) ਸ਼ੈਡ ਬਣਾਉ, ਕਿਉਂਕਿ ਇਹ ਠੰਡੇ ਰਹਿੰਦੇ ਹਨ।

★ ਸ਼ੈਡ ਦੇ ਆਲੇ-ਦੁਆਲੇ ਹਰਿਆਲੀ ਦਾ ਵੀ ਪ੍ਰਬੰਧ ਕਰੋ। ਸ਼ੈਡ ਦੀਆਂ ਖਿੜਕੀਆਂ 'ਤੇ ਗਿੱਲੀਆਂ ਪੱਲੀਆਂ ਲਟਕਾ ਦਿਉ। ਗਰਮੀ ਦਾ ਦਬਾਅ ਘਟਾਉਣ ਲਈ ਸ਼ੈਡਾਂ ਅੰਦਰ ਸਪਰਿੰਕਲਰ ਅਤੇ ਪੱਖਿਆਂ ਦਾ ਵੀ ਪ੍ਰਬੰਧ ਕਰੋ।



# ਸਾਵਧਾਨ! ਗਰਮ ਲਹਿਰ ਤੋਂ ਬਚਾਅ ਲਈ ਕਰੋ ਲੋੜੀਂਦੇ ਪ੍ਰਬੰਧ

ਗਰਮ ਲਹਿਰ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਦਿਨਾਂ ਲੋੜੀਂਦੇ ਪ੍ਰਬੰਧ ਕਰੋ :

★ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਾਣੀ ਪੀਂਦੇ ਰਹੋ ਅਤੇ ਤਰਲ ਪਦਾਰਥਾਂ ਦਾ ਸੇਵਨ ਕਰਦੇ ਰਹੋ।
★ ਸਿਰ ਨੂੰ ਹਮੇਸ਼ਾ ਢੱਕ ਕੇ ਰੱਖੋ ਅੱਖਾਂ ਨੂੰ ਵੀ ਸਿੱਧੀ ਧੁੱਪ ਤੋਂ ਬਚਾਓ।
★ ਤਲੇ ਹੋਏ ਪਦਾਰਥਾਂ ਦਾ ਸੇਵਨ ਨਾ ਕਰੋ ਬਲਕਿ ਸਾਦਾ ਅਤੇ ਤਾਜ਼ਾ ਭੋਜਨ ਹੀ ਖਾਓ।
★ ਸੂਤੀ ਅਤੇ ਢਿੱਲੇ ਕੱਪੜੇ ਪਾ ਕੇ ਰੱਖੋ।
★ ਦੁਪਿਹਰ ਵੇਲੇ ਘਰੋਂ ਬਾਹਰ ਨਾ ਨਿਕਲੋ ਅਤੇ ਬਾਹਰ ਵਾਲੇ ਕੰਮ ਸਵੇਰੇ ਜਾਂ ਸ਼ਾਮ ਵੇਲੇ ਹੀ ਕਰੋ।
★ ਪੰਛੀਆਂ ਵਾਸਤੇ ਮਿੱਟੀ ਦੇ ਬਰਤਨ ਵਿਚ ਪਾਣੀ ਪਾ ਕੇ ਰੱਖੋ।



# ਟਰੈਕਟਰ ਚਲਿਤ ਝੋਨੇ ਦੀ ਮੈਟ ਟਾਇਪ ਨਰਸਰੀ ਸੀਡਰ ਅਪਨਾਉਣ ਵਾਲਾ ਅਗਾਂਹਵਧੂ ਕਿਸਾਨ : ਸ. ਗੁਰਦੀਪ ਸਿੰਘ

ਮਾਹਿਲਪੁਰ ਬਲਾਕ ਦੇ ਪਿੰਡ ਕੋਟ ਫਤੂਹੀ ਦੇ ਨੌਜਵਾਨ ਵਸਨੀਕ ਸ. ਗੁਰਦੀਪ ਸਿੰਘ 100 ਏਕੜ ਰਕਬੇ ਤੇ ਖੇਤੀ ਕਰਦਾ ਹੈ। ਇਸ ਕਿਸਾਨ ਨੇ ਸਾਉਣੀ, 2023 ਦੌਰਾਨ ਝੋਨੇ ਦੀ ਮਸ਼ੀਨੀ ਲੁਆਈ ਲਈ ਚਾਰ ਪਹੀਆ ਸਵੈ ਚਲਿਤ ਝੋਨਾ ਲਾਉਣ ਵਾਲੀ ਮਸ਼ੀਨ ਦੀ ਖਰੀਦ ਕੀਤੀ। ਸ. ਗੁਰਦੀਪ ਸਿੰਘ ਨੇ ਸਾਉਣੀ, 2023 ਦੌਰਾਨ ਝੋਨੇ ਦੀ ਮਸ਼ੀਨੀ ਲੁਆਈ ਆਪਣੇ ਖੇਤਾਂ ਵਿਚ 70 ਏਕੜ ਰਕਬੇ ਤੇ ਕੀਤੀ ਅਤੇ ਦੂਜੇ ਕਿਸਾਨਾਂ ਦੇ ਖੇਤਾਂ ਵਿਚ ਕਿਰਾਏ ਤੇ 50 ਏਕੜ ਰਕਬੇ ਤੇ ਕੀਤੀ। ਸ. ਗੁਰਦੀਪ ਸਿੰਘ ਨੇ ਸਾਉਣੀ, 2023 ਦੌਰਾਨ ਝੋਨੇ ਦੀ ਮਸ਼ੀਨੀ ਲੁਆਈ ਲਈ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੁਆਰਾ ਵਿਕਸਿਤ ਟਰੈਕਟਰ ਨਾਲ ਚੱਲਣ ਵਾਲੀ ਮੈਟ ਟਾਇਪ ਨਰਸਰੀ ਸੀਡਰ ਮਸ਼ੀਨ ਦੀ ਖਰੀਦ ਕੀਤੀ।



ਇਸ ਕਿਸਾਨ ਦਾ ਮੰਨਣਾ ਹੈ ਕਿ ਝੋਨੇ ਦੀ ਮਸ਼ੀਨੀ ਲੁਆਈ ਲਈ ਵਧੀਆ ਮੈਟ ਦਾ ਹੋਣਾ ਬਹੁਤ ਜ਼ਰੂਰੀ ਹੈ। ਰਿਵਾਇਤੀ ਤਰੀਕੇ ਨਾਲ ਲੇਬਰ ਦੀ ਵਰਤੋਂ ਕਰਕੇ ਮੈਟ ਟਾਈਪ ਝੋਨੇ ਦੀ ਪਨੀਰੀ ਲਗਾਉਣ ਲਈ 50-60 ਗੇਜ਼ ਦੀ ਪਤਲੀ ਅਤੇ 90-100 ਸੈਂਟੀਮੀਟਰ ਚੌੜੀ ਪਲਾਸਟਿਕ ਦੀ ਸ਼ੀਟ, ਮਸ਼ੀਨ ਮੁਤਾਬਿਕ ਫਰੇਮ ਦੇ ਸਾਇਜ਼ ਦੀ ਲੋੜ ਹੁੰਦੀ ਹੈ। ਇਹਨਾਂ ਫਰੇਮਾਂ ਵਿਚ ਮਿੱਟੀ ਪਾਉਣ ਤੋਂ ਬਾਅਦ ਪੁੰਗਰਿਆ ਹੋਇਆ ਬੀਜ ਮਿੱਟੀ ਤੇ ਪਾਇਆ ਜਾਂਦਾ ਹੈ, ਬੀਜ ਨੂੰ ਮਿੱਟੀ ਦੀ ਬਰੀਕ ਪਰਤ ਨਾਲ ਢੱਕਣ ਉਪਰੰਤ ਫੁਆਰੇ ਨਾਲ ਪਾਣੀ ਛਿੜਕਾ ਦਿੱਤਾ ਜਾਂਦਾ ਹੈ ਤਾਂ ਜੋ ਮਿੱਟੀ ਜੰਮ ਜਾਵੇ। ਟਰੈਕਟਰ ਚਲਿਤ ਮੈਟ ਟਾਇਪ ਨਰਸਰੀ ਸੀਡਰ 1.0 ਮੀਟਰ ਚੌੜੇ ਮਿੱਟੀ ਦੇ ਬੈੱਡ ਉੱਤੇ ਪੋਲੀਥੀਨ ਸ਼ੀਟ (50-60 ਗੇਜ਼) ਵਿਛਾਉਣ, ਸ਼ੀਟ ਉੱਪਰ 1.0 ਇੰਚ ਮੋਟੀ ਮਿੱਟੀ ਦੀ ਪਰਤ ਪਾਉਣ ਅਤੇ ਨਾਲ ਹੀ ਬੈੱਡ ਉੱਤੇ ਬੀਜ ਪਾਉਣ ਦਾ ਕੰਮ ਇਕ ਵਾਰ ਵਿਚ ਹੀ ਕਰਦੀ ਹੈ।

ਸ. ਗੁਰਦੀਪ ਸਿੰਘ ਦਾ ਕਹਿਣਾ ਹੈ ਕਿ ਇਹ ਮਸ਼ੀਨ ਆਸਾਨੀ ਨਾਲ 40 ਜਾਂ ਇਸ ਤੋਂ ਵੱਧ ਹਾਰਸ ਪਾਵਰ ਦੇ ਟਰੈਕਟਰ ਨਾਲ ਚਲਾਈ ਜਾ ਸਕਦੀ ਹੈ। ਇਸ ਮਸ਼ੀਨ ਨਾਲ ਆਸਾਨੀ ਨਾਲ 150-200 ਏਕੜ ਲਈ ਝੋਨੇ ਦੀ ਮਸ਼ੀਨੀ ਲੁਆਈ ਲਈ ਮੈਟ ਤਿਆਰ ਕੀਤੇ ਜਾ ਸਕਦੇ ਹਨ।

ਰਵਾਇਤੀ ਢੰਗ ਨਾਲ ਤਿਆਰ ਕੀਤੇ ਮੈਟ ਦੀ ਤੁਲਨਾ ਮੁਤਾਬਿਕ, ਇਸ ਮਸ਼ੀਨ ਦੇ ਨਾਲ ਤਿਆਰ ਕੀਤੇ ਮੈਟ ਨਾਲ 64-68 ਪ੍ਰਤੀਸ਼ਤ ਖਰਚੇ ਅਤੇ 93-94.4 ਪ੍ਰਤੀਸ਼ਤ ਲੇਬਰ ਦੀ ਬੱਚਤ ਹੁੰਦੀ ਹੈ। ਸ. ਗੁਰਦੀਪ ਸਿੰਘ, ਝੋਨੇ ਦੀ ਮੈਟ ਟਾਇਪ ਨਰਸਰੀ ਸੀਡਰ ਦੀ ਕਾਰਜਕੁਸ਼ਲਤਾ ਤੋਂ ਸੰਤੁਸ਼ਟ ਸਨ।

**ਝੋਨੇ ਦੀ ਮੈਟ ਟਾਇਪ ਨਰਸਰੀ ਸੀਡਰ ਬਾਬਤ ਨਿੱਜੀ ਤਜਰਬੇ :**

★ ਝੋਨੇ ਦੀ ਮਸ਼ੀਨੀ ਲੁਆਈ ਦੀ ਕਾਰਜਕੁਸ਼ਲਤਾ, ਝੋਨੇ ਦੀ ਮੈਟ ਟਾਈਪ ਪਨੀਰੀ ਤੇ ਬਹੁਤ ਨਿਰਭਰ ਕਰਦੀ ਹੈ ਅਤੇ ਮੈਟ ਟਾਈਪ ਨਰਸਰੀ ਸੀਡਰ ਮਸ਼ੀਨ ਨਾਲ ਵਧੀਆ ਮੈਟ ਬਣਦੇ ਹਨ।

★ ਮਸ਼ੀਨ ਦੁਆਰਾ ਬਣਾਏ ਮੈਟ, ਰਵਾਇਤੀ ਢੰਗ ਨਾਲੋਂ ਜਲਦੀ ਤਿਆਰ ਹੋ ਜਾਂਦੇ ਹਨ।

★ ਮਸ਼ੀਨੀ ਦੁਆਰਾ ਬਣਾਏ ਮੈਟਾਂ ਵਿਚ ਪੁੰਗਰਿਆ ਹੋਇਆ ਬੀਜ ਇਕਸਾਰ ਖਿਲਰਦਾ ਹੈ।

★ ਝੋਨੇ ਦੀ ਮਸ਼ੀਨੀ ਲੁਆਈ ਲਈ ਮੈਟ ਟਾਈਪ ਨਰਸਰੀ ਸੀਡਰ ਦੁਆਰਾ ਤਿਆਰ ਕੀਤੇ ਮੈਟ ਦੀ ਵਰਤੋਂ ਕਰਨ ਉਪਰੰਤ, ਝੋਨੇ ਦੇ ਬੂਟਿਆਂ ਦੀ ਗਿਣਤੀ ਪ੍ਰਤੀ ਵਰਗ ਮੀਟਰ ਵਿਚ ਆਮ ਝੋਨੇ ਦੀ ਰਵਾਇਤੀ ਢੰਗ ਨਾਲੋਂ ਲੁਆਏ ਝੋਨੇ ਨਾਲੋਂ ਵੱਧ ਹੁੰਦੀ ਹੈ ਅਤੇ ਮਸ਼ੀਨੀ ਲੁਆਈ ਨਾਲ ਲਗਾਏ ਗਏ ਝੋਨੇ ਦਾ ਝਾੜ ਰਵਾਇਤੀ ਤਰੀਕੇ ਨਾਲੋਂ ਜ਼ਿਆਦਾ ਆਇਆ।

**ਅਜੈਬ ਸਿੰਘ, ਅਰਸ਼ਦੀਪ ਸਿੰਘ ਅਤੇ ਮਨਿੰਦਰ ਸਿੰਘ ਬੌਂਸ, ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ** (ਮੋ. 98157-51900)

# ਗਰਮੀਆਂ 'ਚ ਕਿਵੇਂ ਕਰੀਏ ਫਲਦਾਰ ਬੂਟਿਆਂ ਦਾ ਬਚਾਅ

ਮਨਪ੍ਰੀਤ ਕੌਰ
ਮੋ. 98554-34500

ਅੱਜ ਕੱਲ੍ਹ ਜਦੋਂ ਤਾਪਮਾਨ 'ਚ ਕਾਫੀ ਵਾਧਾ ਹੋ ਰਿਹਾ ਹੈ ਅਤੇ ਹਵਾ ਵਿਚ ਵੀ ਖ਼ੁਸ਼ਕੀ ਵਧ ਰਹੀ ਹੈ ਜੋ ਫਲਦਾਰ ਬੂਟਿਆਂ 'ਤੇ ਕਾਫੀ ਮਾੜਾ ਪ੍ਰਭਾਵ ਪਾਉਂਦੀ ਹੈ। ਇਸ ਕਰਕੇ ਫਲਦਾਰ ਬੂਟਿਆਂ ਨੂੰ ਅਨੇਕ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਿਸ ਵਿਚ ਤਣੇ ਦੀ ਛਿੱਲ ਦਾ ਸੜਨਾ, ਪੱਤਿਆਂ ਤੇ ਚਿੱਟੇ ਭੂਰੇ ਧੱਬਿਆਂ ਦਾ ਪੈਣਾ, ਫਲਾਂ ਦਾ ਫਟਣਾ ਅਤੇ ਫਲਦਾਰ ਬੂਟਿਆਂ 'ਤੇ ਕਈ ਪ੍ਰਕਾਰ ਦੇ ਕੀੜੇ ਅਤੇ ਬਿਮਾਰੀਆਂ ਦਾ ਹਮਲਾ ਹੋਣਾ ਪ੍ਰਮੁੱਖ ਹਨ। ਜ਼ਿਆਦਾਤਰ ਸਦਾਬਹਾਰ ਫਲਦਾਰ ਬੂਟੇ ਗਰਮੀ ਰੁੱਤ ਸ਼ੁਰੂ ਹੋਣ ਦੇ ਨਾਲ ਹੀ ਆਪਣਾ ਵਿਕਾਸ ਸ਼ੁਰੂ ਕਰਦੇ ਅਤੇ ਇਸੇ ਦੌਰਾਨ ਅਪ੍ਰੈਲ ਤੋਂ ਜੂਨ ਦੇ ਮਹੀਨਿਆਂ ਦੌਰਾਨ ਕਾਫੀ ਗਰਮੀ ਪੈਣ ਕਰਕੇ ਸੂਰਜ ਦੀਆਂ ਤੇਜ਼ ਕਿਰਨਾਂ ਬੂਟਿਆਂ ਦੇ ਨੰਗੇ ਤਣੇ 'ਤੇ ਪੈਂਦੀਆਂ ਹਨ ਜਿਸ ਨਾਲ ਤਣੇ ਦੀ ਛਿੱਲ ਸੜ ਕੇ ਜ਼ਖ਼ਮੀ ਹੋ ਜਾਂਦੀ ਹੈ ਅਤੇ ਬਾਅਦ ਵਿਚ ਫੱਟ ਵੀ ਜਾਂਦੀ ਹੈ।

ਗਰਮੀ ਰੁੱਤ ਦਾ ਮਾੜਾ ਪ੍ਰਭਾਵ ਨਿੰਬੂ, ਅੰਬ ਤੇ ਲੀਚੀ ਦੇ ਬੂਟਿਆਂ 'ਤੇ ਵਧੇਰੇ ਵੇਖਣ ਨੂੰ ਮਿਲਦਾ ਹੈ। ਆਮ ਤੌਰ 'ਤੇ ਵੇਖਣ ਵਿਚ ਆਉਂਦਾ ਹੈ ਕਿ ਨਿੰਬੂ ਦੇ ਪੱਤੇ ਸੂਰਜ ਦੀਆਂ ਤੇਜ਼ ਕਿਰਨਾਂ ਨਾਲ ਝੁਲਸ ਜਾਂਦੇ ਹਨ ਅਤੇ ਇਨ੍ਹਾਂ ਉੱਪਰ ਚਿੱਟੇ ਤੋਂ ਭੂਰੇ ਜਿਹੇ ਧੱਬੇ ਪੈ ਜਾਂਦੇ ਹਨ। ਕਈ ਵਾਰੀ ਅਸੀਂ ਗਰਮੀ ਕਾਰਨ ਝੁਲਸੇ ਪੱਤਿਆਂ ਦੇ ਨੁਕਸਾਨ ਦੀ ਤੁਲਨਾ ਖੁਰਾਕੀ ਤੱਤਾਂ ਜਾਂ ਬਿਮਾਰੀ ਨਾਲ ਹੋਏ ਨੁਕਸਾਨ ਕਰਕੇ ਬਿਨਾਂ ਲੋੜ ਹੀ ਰਸਾਇਣਾਂ ਦਾ ਛਿੜਕਾਅ ਸ਼ੁਰੂ ਕਰ ਦਿੰਦੇ ਹਾਂ ਜੋ ਕਿ ਠੀਕ ਰੁਝਾਨ ਨਹੀਂ ਹੈ।



**ਗਰਮੀ ਤੋਂ ਬਚਾਉਣ ਲਈ ਕੁਝ ਤਰੀਕੇ**

ਗਰਮੀਆਂ ਦੌਰਾਨ ਫਲਦਾਰ ਬੂਟਿਆਂ ਨੂੰ ਗਰਮੀ ਤੋਂ ਬਚਾਉਣ ਲਈ ਜੇਕਰ ਕੁਝ ਤਰੀਕੇ ਵਰਤੇ ਜਾਣ ਤਾਂ ਫਲਦਾਰ ਬੂਟਿਆਂ ਦਾ ਨੁਕਸਾਨ ਹੋਣ ਤੋਂ ਬਚ ਸਕਦਾ ਹੈ। ਇਹ ਤਰੀਕੇ ਬਹੁਤ ਹੀ ਸੌਖੇ ਹਨ ਅਤੇ ਥੋੜ੍ਹਾ ਜਿਹਾ ਧਿਆਨ ਦੇ ਕੇ ਅਸੀਂ ਬੂਟਿਆਂ ਨੂੰ ਬਚਾ ਸਕਦੇ ਹਾਂ।

**ਸਿੰਚਾਈ** : ਗਰਮੀ ਰੁੱਤ ਦੌਰਾਨ ਫਲਦਾਰ ਬੂਟਿਆਂ ਨੂੰ ਲੋੜ ਅਨੁਸਾਰ ਪਾਣੀ ਦਿੰਦੇ ਰਹਿਣਾ ਚਾਹੀਦਾ ਹੈ ਕਿਉਂਕਿ ਪਾਣੀ ਲਾਉਣ ਨਾਲ ਧਰਤੀ ਠੰਢੀ ਹੋ ਜਾਂਦੀ ਹੈ ਅਤੇ ਤਾਪਮਾਨ ਵਿਚ ਵੀ ਕਾਫੀ ਗਿਰਾਵਟ ਆਉਂਦੀ ਹੈ।

**ਤਣਿਆਂ 'ਤੇ ਸਫੈਦੀ** : ਗਰਮੀਆਂ ਦੌਰਾਨ ਫਲਦਾਰ ਬੂਟਿਆਂ ਦੇ ਤਣਿਆਂ ਤੇ ਸਫੈਦੀ ਕਰਨ ਨਾਲ ਵੀ ਇਹ ਗਰਮੀ ਦੇ ਮਾੜੇ ਅਸਰ ਤੋਂ ਬਚੇ ਰਹਿੰਦੇ ਹਨ ਕਿਉਂਕਿ ਸਫੈਦ ਰੰਗ ਸੂਰਜ ਦੀਆਂ ਤੇਜ਼ ਕਿਰਨਾਂ ਨੂੰ ਜਜ਼ਬ ਨਹੀਂ ਕਰਦਾ ਜਿਸ ਨਾਲ ਤਣੇ ਦੀ ਛਿੱਲੜ ਸੜਨ ਤੋਂ ਬਚ ਜਾਂਦੀ ਹੈ। ਸਫੈਦੀ ਦਾ ਘੋਲ ਤਿਆਰ ਕਰਨ ਲਈ 5 ਕਿਲੋ ਅਣਬੁਝਿਆ ਚੂਨਾ ਅਤੇ 100 ਗ੍ਰਾਮ ਨੀਲਾ ਥੋਥਾ ਵੱਖ-ਵੱਖ ਪਲਾਸਟਿਕ ਜਾਂ ਮਿੱਟੀ ਦੇ ਬਰਤਨਾਂ ਵਿਚ ਘੋਲ ਕੇ ਇਸ ਨੂੰ ਜਾਲੀਦਾਰ ਕੱਪੜੇ ਨਾਲ ਛਾਣ ਲਵੋ। 100 ਗ੍ਰਾਮ ਸੂਰੇਸ਼ ਨੂੰ ਥੋੜ੍ਹੇ ਜਿਹੇ ਗਰਮ ਪਾਣੀ ਵਿਚ ਘੋਲ ਕੇ ਸਾਰੇ ਪਦਾਰਥਾਂ ਨੂੰ 20 ਲਿਟਰ ਪਾਣੀ ਵਿਚ ਮਿਲਾ ਦਿਓ ਅਤੇ ਇਸ ਘੋਲ ਦੇ ਬੂਟਿਆਂ ਦੇ ਤਣਿਆਂ ਤੇ ਬੁਰਸ਼ ਨਾਲ ਲਗਾ ਦਿਓ। ਅਜਿਹਾ ਕਰਨ ਨਾਲ ਬੂਟੇ ਨਾ ਸਿਰਫ ਸੂਰਜ ਦੀ ਤੇਜ਼ ਤਪਸ਼ ਤੋਂ ਬਚੇ ਰਹਿਣਗੇ ਸਗੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਟਾਕਰਾ ਕਰਨ ਦੇ ਸਮਰੱਥ ਵੀ ਹੋ ਜਾਣਗੇ। ਇਹ ਸਫੈਦੀ ਤਣੇ ਤੋਂ 2 ਫੁੱਟ ਦੀ ਉਚਾਈ ਤੱਕ ਕਰਨੀ ਚਾਹੀਦੀ ਹੈ।

**ਪਾਣੀ ਦਾ ਸਪਰੇਅ** : ਗਰਮੀਆਂ ਦੌਰਾਨ ਸ਼ਾਮ ਵੇਲੇ ਜਦੋਂ ਸੂਰਜ ਛਿਪ ਜਾਵੇ ਅਤੇ ਜ਼ਮੀਨ ਵੀ ਠੰਢੀ ਹੋ ਜਾਵੇ ਉਸ ਵੇਲੇ ਸਾਰੇ ਫਲਦਾਰ ਬੂਟਿਆਂ ਤੇ ਖਾਲੀ ਪਾਣੀ ਦੀ ਸਪਰੇਅ ਕਰਨੀ ਚਾਹੀਦੀ ਹੈ। ਅਜਿਹਾ ਕਰਨ ਨਾਲ ਫਲ ਫਟਣ ਦੀ ਸਮੱਸਿਆ ਘੱਟ ਜਾਵੇਗੀ।

**ਛੌਰਾ ਕਰਨਾ** : ਨਵੇਂ ਲਾਏ ਬੂਟਿਆਂ ਨੂੰ ਸਰਕੰਡਾ, ਪਰਾਲੀ ਜਾਂ ਗੰਨੇ ਦੀ ਖੋਰੀ ਨਾਲ ਕੁੱਲੀਆਂ ਬਣਾ ਕੇ ਢੱਕ ਦੇਣ ਨਾਲ ਵੀ ਸਿੱਧੀ ਧੁੱਪ ਦੇ ਅਸਰ ਤੋਂ ਬਚਾਇਆ ਜਾ ਸਕਦਾ ਹੈ। ਤਣੇ ਨੂੰ ਸਿੱਧੀ ਧੁੱਪ ਤੋਂ ਬਚਾਉਣ ਲਈ ਪੁਰਾਣੀ ਬੋਰੀ ਦੇ ਟੁਕੜਿਆਂ ਨਾਲ ਢੱਕ ਦੇਣਾ ਚਾਹੀਦਾ ਹੈ।

**ਮਲਚਿੰਗ ਕਰਨੀ** : ਗਰਮੀਆਂ ਵਿਚ ਨਮੀਂ ਨੂੰ ਸਾਂਭ ਕੇ ਰੱਖਣ ਲਈ ਬੂਟਿਆਂ ਦੇ ਆਲੇ ਦੁਆਲੇ ਪਰਾਲੀ ਜਾਂ ਗੰਨੇ ਦੀ ਖੋਰੀ ਜ਼ਮੀਨ 'ਤੇ ਵਿਛਾ ਕੇ ਰੱਖਣ ਨੂੰ ਹੀ ਮਲਚਿੰਗ ਆਖਦੇ ਹਨ। ਇਸ ਤਰ੍ਹਾਂ ਕਰਨ ਨਾਲ ਜ਼ਮੀਨ ਨੂੰ ਨਮੀਂ ਸਾਂਭੀ ਹੋਣ ਕਰਕੇ ਵਾਰ-ਵਾਰ ਸਿੰਚਾਈ ਕਰਨ ਦੀ ਲੋੜ ਨਹੀਂ ਪੈਂਦੀ ਤੇ ਖਾਲੀ ਜ਼ਮੀਨ ਵਿਚ ਨਦੀਨ ਉੱਗਣ ਦੀ ਸਮੱਸਿਆ ਵੀ ਨਹੀਂ ਆਉਂਦੀ। ਇਸ ਕੰਮ ਲਈ ਪਲਾਸਟਿਕ ਦੀਆਂ ਵੱਖ-ਵੱਖ ਰੰਗਾਂ ਦੀ ਮਲਚਿੰਗ ਸ਼ੀਟ ਵੀ ਵਰਤੀ ਜਾ ਸਕਦੀ ਹੈ। ਅਜਿਹੀ ਸ਼ੀਟ ਵਿਛਾਉਣ ਨਾਲ ਫਲ ਉਤਪਾਦਨ ਵਿਚ ਵਧੇ ਦੇ ਨਾਲ-ਨਾਲ ਗੁਣਵੱਤਾ ਵਿਚ ਵੀ ਸੁਧਾਰ ਹੁੰਦਾ ਹੈ।



ਸੋ ਆਓ ! ਅੱਜ ਹੀ ਸਮੇਂ ਸਿਰ ਉਪਰੋਕਤ ਦੱਸੇ ਤਰੀਕੇ ਅਪਣਾਈਏ ਅਤੇ ਫਲਦਾਰ ਬੂਟਿਆਂ ਨੂੰ ਗਰਮੀ ਦੇ ਕਹਿਰ ਤੋਂ ਬਚਾਈਏ। ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਗਰਮੀ ਤੋਂ ਆਪਣੇ ਫਲਦਾਰ ਬੂਟਿਆਂ ਨੂੰ ਬਚਾਉਣ ਲਈ ਤੁਰੰਤ ਕਦਮ ਚੁੱਕਣ ਕਿਉਂਕਿ ਅੱਜਕੱਲ੍ਹ ਗਰਮੀ ਬਹੁਤ ਤਿੱਖੀ ਪੈ ਰਹੀ ਹੈ। ਅਜਿਹੇ ਕਦਮ ਚੁੱਕਣ ਨਾਲ ਕਿਸਾਨਾਂ ਦਾ ਆਰਥਿਕ ਨੁਕਸਾਨ ਤੋਂ ਬਚਾਅ ਹੋ ਸਕਦਾ ਹੈ।

**ਬਿਮਾਰੀਆਂ**

ਵਧੇਰੇ ਗਰਮੀ ਕਾਰਨ ਫਲਦਾਰ ਬੂਟਿਆਂ ਵਿਚ ਕਈ ਪ੍ਰਕਾਰ ਦੀਆਂ ਬਿਮਾਰੀਆਂ ਜਿਵੇਂ ਨਿੰਬੂ ਜਾਤੀ ਫਲਾਂ ਵਿਚ ਤਣੇ ਵਿਚੋਂ ਗੂੰਦ ਨਿਕਲਣਾ, ਫਲਾਂ ਦਾ ਕੇਰਾ ਤੇ ਉੱਲੀ ਰੋਗ, ਅੰਬ ਵਿਚ ਚਿੱਟਾ ਰੋਗ, ਫਲ ਸੜਨ ਦੀ ਉੱਲੀ ਅਤੇ ਨਾਸ਼ਪਤੀ ਵਿਚ ਕਰੂੰਬਲਾਂ ਤੇ ਫਲਾਂ ਦਾ ਸਾੜਾ, ਜੜ੍ਹਾਂ ਤੇ ਲੱਕੜੀ ਦਾ ਗਲਣ ਰੋਗ ਪ੍ਰਮੁੱਖ ਹਨ। ਗਰਮੀਆਂ ਵਿਚ ਹੀ ਕਈ ਪ੍ਰਕਾਰ ਦੇ ਕੀੜੇ ਜਿਨ੍ਹਾਂ ਵਿਚ ਨਿੰਬੂ ਜਾਤੀ ਫਲਾਂ ਦਾ ਸਿੱਲ੍ਹਾ, ਚਿੱਟੀ ਮੱਖੀ, ਸੁਰੰਗੀ ਕੀੜਾ, ਲੀਚੀ ਵਿਚ ਗਿਟਕ ਦਾ ਗੜੂੰਆਂ ਤੇ ਅਮਰੂਦ ਵਿਚ ਫਲ ਦੀ ਮੱਖੀ ਪ੍ਰਮੁੱਖ ਹਨ। ਰੋਕਥਾਮ ਬਾਗਬਾਨੀ ਮਾਹਿਰ ਦੀ ਸਲਾਹ ਨਾਲ ਹੀ ਕਰਨੀ ਚਾਹੀਦੀ ਹੈ।

**ਫਲ ਦੀ ਮੱਖੀ ਤੋਂ ਬਚਾਅ ਲਈ ਫਰੂਟ ਫਲਾਈ ਟਰੈਪ**


ਗਰਮੀਆਂ ਵਿਚ ਆੜੂ, ਅਮਰੂਦ, ਨਾਸ਼ਪਾਤੀ ਤੇ ਨਿੰਬੂ ਜਾਤੀ ਵਿਚ ਫਲ ਦੀ ਮੱਖੀ ਤੋਂ ਬਚਾਅ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਪੀ ਏ ਯੂ ਫਰੂਟ ਫਲਾਈ ਟਰੈਪ ਦੀ ਖੋਜ ਕੀਤੀ ਗਈ ਹੈ ਜੋ ਬਿਨਾਂ ਰਸਾਇਣਾਂ ਦੇ ਛਿੜਕਾਅ ਤੋਂ ਇਨ੍ਹਾਂ ਫਲਾਂ ਦੇ ਫਲ ਦੀ ਮੱਖੀ ਤੋਂ ਬਚਾਅ ਕਰਦਾ ਹੈ। ਇਹ ਟਰੈਪ ਫਲਦਾਰ ਬੂਟਿਆਂ 'ਤੇ ਟੰਗ ਦਿੱਤੇ ਜਾਂਦੇ ਹਨ ਜਿਸ ਨਾਲ ਫਲ ਦੀ ਮੱਖੀ ਦੇ ਹਾਨੀਕਾਰਕ ਕੀੜੇ ਇਸ ਵਿਚ ਫਸ ਕੇ ਖਤਮ ਹੋ ਜਾਂਦੇ ਹਨ ਅਤੇ ਇਹ ਫਲ ਨੂੰ ਨੁਕਸਾਨ ਨਹੀਂ ਕਰਦੇ। ਆੜੂ ਵਿਚ ਇਹ ਟਰੈਪ ਮਈ ਦੇ ਪਹਿਲੇ ਹਫਤੇ, ਅਮਰੂਦ ਵਿਚ ਜੁਲਾਈ ਦੇ ਪਹਿਲੇ ਹਫਤੇ ਤੇ ਨਿੰਬੂ ਜਾਤੀ ਵਿਚ ਇਹ ਸਤੰਬਰ ਮਹੀਨੇ 16 ਟਰੈਪ ਪ੍ਰਤੀ ਏਕੜ ਲਾ ਦੇਣੇ ਚਾਹੀਦੇ ਹਨ।


JOIN THE INDIA
AFCAT Registrations op
ENTRY
Air Force Common Admission Test (AFCAT) Entry
NCC Sp
BRANCHES
Flying/ Technical/ Weapon Systems/ Administration/ Logistics/ Accounts/ Education/ Meteorology
Flying (
'C' certi
AFCAT Entry: Registration mandatory and online exam/ NCC Special Entry reg
Aadhaar card is mandatory for online registration
Registrations open fro
For more details, refer to Employment News dated 25 May 2024 and for detaile
DISHA Cell, Air Headquarter, Vayu Bhawan Tel: 011-23013690 | Toll-free No.: 1800-11-24


DISHA
INDIAN AIR FORCE
AN AIR FORCE
pen till 28 June 2024
pecial Entry
NCC Air Wing
ficate is mandatory)
For updates, follow us on
DISHA by Indian Air Force
careeriniaf
CareerinIAF
gistration mandatory and no online exam
m 30 May 2024 till 28 June 2024
ed notification visit our website careerairforce.nic.in and afcat.cdac.in
48 | E-mail: career.iaf@nic.in
CBC 10801/13/0010/2425

## ਆਮਦਨ ਵਧਾਉਣ ਅਤੇ ਪਾਣੀ ਬਚਾਉਣ ਲਈ ਲਾਹੇਵੰਦ ਫਸਲ

# ਮੱਕੀ ਦੀ ਕਾਸ਼ਤ ਕਿਵੇਂ ਕਰੀਏ?



**ਮੱਕੀ ਵਿੱਚ ਹੋਰ ਆਨਾਜ ਦੀਆਂ ਫਸਲਾਂ ਦੇ ਮੁਕਾਬਲੇ ਪਾਣੀ ਦੀ ਬਹੁਤ ਘੱਟ ਖਪਤ ਹੁੰਦੀ ਹੈ। ਇਹ ਘੱਟ ਸਮੇ ਵਿੱਚ ਵੱਧ ਝਾੜ ਅਤੇ ਕਿਸੇ ਵੀ ਰੁੱਤ ਵਿੱਚ ਬੀਜੀ ਜਾ ਸਕਦੀ ਹੈ। ਭੋਜਨ, ਚਾਰਾ ਅਤੇ ਖੁਰਾਕ ਇਸ ਦੀ ਮੰਗ ਨੂੰ ਵਧਾਉਣ ਵਿੱਚ ਵਾਧਾ ਕਰਦੇ ਹਨ। ਇਸਦੀ ਸਭ ਤੋਂ ਵਧ ਵਰਤੋਂ ਪੋਲਟਰੀ ਫਾਰਮ ਦੀ ਖੁਰਾਕ ਲਈ ਕੀਤੀ ਜਾਂਦੀ ਹੈ। ਮੱਕੀ ਦੀਆਂ ਇਹ ਵਿਲੱਖਣ ਵਿਸ਼ੇਸ਼ਤਾਵਾਂ ਕਿਸਾਨਾਂ ਦੀ ਆਮਦਨ ਵਧਾਉਣ ਵਿਚ ਵੀ ਸਹਾਇਤਾ ਕਰਦੀਆਂ ਹਨ। ਪੰਜਾਬ ਦੇ ਕਿਸਾਨਾਂ ਨੂੰ ਹੋਰ ਆਨਾਜ ਫਸਲਾਂ ਖਾਸਕਰ ਝੋਨੇ ਦੇ ਮੁਕਾਬਲੇ ਮੱਕੀ ਦੀ ਕਾਸ਼ਤ ਕਰਨੀ ਚਾਹੀਦੀ ਹੈ ਤਾਂ ਜੋ ਕੁਦਰਤੀ ਸਰੋਤਾਂ ਨੂੰ ਬਚਾਉਣ ਦੇ ਨਾਲ-ਨਾਲ ਕਿਸਾਨ ਆਪਣੀ ਆਮਦਨ ਵਿੱਚ ਵੀ ਵਾਧਾ ਕਰ ਸਕੇ।**

ਮੱਕੀ ਰਕਬੇ ਦੇ ਹਿਸਾਬ ਨਾਲ ਦੁਨੀਆਂ ਵਿੱਚ ਦੂਜੀ ਸਭ ਤੋਂ ਮਹੱਤਵਪੂਰਨ ਆਨਾਜ ਵਾਲੀ ਫਸਲ ਹੈ। ਇਸ ਲਈ ਇਸ ਨੂੰ ਆਨਾਜਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ। ਪੰਜਾਬ ਵਿੱਚ ਕਣਕ ਝੋਨੇ ਦੇ ਫਸਲੀ ਚੱਕਰ ਨੂੰ ਤੋੜਨ ਅਤੇ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਰਾਜ ਸਰਕਾਰ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਜੋ ਕਿ ਘੱਟ ਪਾਣੀ ਦੀ ਖਪਤ ਕਰਦੀ ਹੈ। ਇਹ ਪੰਜਾਬ ਵਿੱਚ ਪਾਣੀ ਦੇ ਪੱਧਰ ਵਿੱਚ ਲਗਾਤਾਰ ਗਿਰਾਵਟ ਨੂੰ ਰੋਕਣ ਅਤੇ ਕੁਦਰਤੀ ਸਰੋਤ ਨੂੰ ਬਹਾਲ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ।

ਪਰ ਪੰਜਾਬ ਵਿੱਚ ਮੱਕੀ ਹੇਠਲਾ ਰਕਬਾ ਲਗਾਤਾਰ ਘਟਦਾ ਜਾ ਰਿਹਾ ਹੈ। ਸਾਲ 1970 ਵਿੱਚ ਮੱਕੀ ਹੇਠਲਾ ਰਕਬਾ 555 ਹਜ਼ਾਰ ਹੈਕਟੇਅਰ ਸੀ ਜਿਹੜਾ ਕਿ ਲਗਾਤਾਰ ਘਟਦਾ ਹੋਇਆ ਸਾਲ 1990 ਵਿਚ 188 ਹਜ਼ਾਰ ਹੈਕਟੇਅਰ ਅਤੇ ਸਾਲ 2019 ਵਿਚ ਸਿਰਫ 109 ਹਜ਼ਾਰ ਹੈਕਟੇਅਰ ਹੀ ਰਹਿ ਗਿਆ ਹੈ। ਪੰਜਾਬ ਸਰਕਾਰ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪਹਿਲਾਂ ਹੀ ਖੇਤੀਬਾੜੀ ਵਿਭਾਗ ਦੁਆਰਾ ਕਈ ਤਰ੍ਹਾਂ ਦੇ ਕਦਮ ਚੁੱਕ ਰਹੀ ਹੈ। ਖੇਤੀਬਾੜੀ ਵਿਭਾਗ ਨੇ ਇਕ ਸਲੋਗਨ ਵੀ ਦਿੱਤਾ ਕਿ 'ਝੋਨੇ ਦੀ ਥਾਂ ਮੱਕੀ ਉਗਾਓ, ਵੱਧ ਆਮਦਨ ਅਤੇ ਪਾਣੀ ਬਚਾਓ।''

ਮੱਕੀ ਵਿੱਚ ਹੋਰ ਆਨਾਜ ਦੀਆਂ ਫਸਲਾਂ ਦੇ ਮੁਕਾਬਲੇ ਪਾਣੀ ਦੀ ਬਹੁਤ ਘੱਟ ਖਪਤ ਹੁੰਦੀ ਹੈ। ਇਹ ਘੱਟ ਸਮੇ ਵਿੱਚ ਵੱਧ ਝਾੜ ਅਤੇ ਕਿਸੇ ਵੀ ਰੁੱਤ ਵਿੱਚ ਬੀਜੀ ਜਾ ਸਕਦੀ ਹੈ। ਭੋਜਨ, ਚਾਰਾ ਅਤੇ ਖੁਰਾਕ ਇਸ ਦੀ ਮੰਗ ਨੂੰ ਵਧਾਉਣ ਵਿੱਚ ਵਾਧਾ ਕਰਦੇ ਹਨ। ਇਸਦੀ ਸਭ ਤੋਂ ਵਧ ਵਰਤੋਂ ਪੋਲਟਰੀ ਫਾਰਮ ਦੀ ਖੁਰਾਕ ਲਈ ਕੀਤੀ ਜਾਂਦੀ ਹੈ। ਮੱਕੀ ਦੀਆਂ ਇਹ ਵਿਲੱਖਣ ਵਿਸ਼ੇਸ਼ਤਾਵਾਂ ਕਿਸਾਨਾਂ ਦੀ ਆਮਦਨ ਵਧਾਉਣ ਵਿਚ ਵੀ ਸਹਾਇਤਾ ਕਰਦੀਆਂ ਹਨ। ਪੰਜਾਬ ਦੇ ਕਿਸਾਨਾਂ ਨੂੰ ਹੋਰ ਆਨਾਜ ਫਸਲਾਂ ਖਾਸਕਰ ਝੋਨੇ ਦੇ ਮੁਕਾਬਲੇ ਮੱਕੀ ਦੀ ਕਾਸ਼ਤ ਕਰਨੀ ਚਾਹੀਦੀ ਹੈ ਤਾਂ ਜੋ ਕੁਦਰਤੀ ਸਰੋਤਾਂ ਨੂੰ ਬਚਾਉਣ ਦੇ ਨਾਲ ਨਾਲ ਕਿਸਾਨ ਆਪਣੀ ਆਮਦਨ ਵਿੱਚ ਵੀ ਵਾਧਾ ਕਰ ਸਕੇ।

ਮੱਕੀ ਦੇ ਕਾਸ਼ਤਕਾਰਾਂ ਨੂੰ ਚੰਗਾ ਝਾੜ ਲੈਣ ਲਈ ਖੇਤੀਬਾੜੀ ਮਾਹਿਰਾਂ ਦੀ ਸਲਾਹ ਅਤੇ ਸਿਫਾਰਿਸ਼ ਕੀਤੇ ਬੀਜ, ਖਾਦਾਂ ਆਦਿ ਦੀ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ।

**ਜਲਵਾਯੂ** : ਮੱਕੀ ਨੂੰ ਉੱਗਣ ਤੋਂ ਲੈ ਕੇ ਨਿਸਰਣ ਤੱਕ ਕਾਫੀ ਸਿੱਲ੍ਹੀ ਅਤੇ ਗਰਮ ਜਲਵਾਯੂ ਦੀ ਲੋੜ ਹੁੰਦੀ ਹੈ। ਇਸ ਦੇ ਉੱਗਣ ਲਈ ਤਾਪਮਾਨ 21 ਡਿਗਰੀ ਸੈਂਟੀਗ੍ਰੇਡ ਅਤੇ ਵਧਣ ਫੁੱਲਣ ਲਈ ਲੋੜੀਂਦਾ ਤਾਪਮਾਨ 32 ਡਿਗਰੀ ਸੈਂਟੀਗ੍ਰੇਡ ਚਾਹੀਦਾ ਹੈ। ਫਸਲ ਨਿਸਰਣ ਸਮੇਂ ਘੱਟ ਸੈੱਲ ਅਤੇ ਬਹੁਤ ਜ਼ਿਆਦਾ ਤਾਪਮਾਨ ਪੱਤਿਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਪ੍ਰਾਗ ਗਿਰ ਕੇ ਸੁੱਕ ਜਾਂਦੇ ਜਾਂਦੇ ਹਨ, ਪ੍ਰਾਗਣ ਕਿਰਿਆ ਠੀਕ ਨਹੀਂ ਹੁੰਦੀ ਅਤੇ ਦਾਣੇ ਘੱਟ ਪੈਂਦੇ ਹਨ। ਮੱਕੀ ਦੀ ਫਸਲ ਦੇ ਸਮੇਂ ਵਿੱਚ 50 ਤੋਂ 75 ਸੈਂਟੀਮੀਟਰ ਵਰਖਾ ਬਹੁਤ ਚੰਗੀ ਹੈ। ਚੰਗਾ ਝਾੜ ਲੈਣ ਲਈ ਖੇਤਾਂ ਦੇ ਜਲ ਨਿਕਾਸ ਦਾ ਠੀਕ ਪ੍ਰਬੰਧ ਹੋਣਾ ਬਹੁਤ ਜ਼ਰੂਰੀ ਹੈ।

**ੳ) ਸੇਂਜੂ ਮੱਕੀ ਲੰਮਾ ਸਮਾਂ ਲੈਣ ਵਾਲੀਆਂ ਕਿਸਮਾਂ** : ਜੇ ਸੀ 12(2020) : ਇਹ ਕਿਸਮ ਤਕਰੀਬਨ 99 ਦਿਨ ਵਿੱਚ ਪੱਕਦੀ ਹੈ ਅਤੇ ਇਸਦਾ ਔਸਤਨ ਝਾੜ 13.2 ਕੁਇੰਟਲ ਪ੍ਰਤੀ ਏਕੜ ਹੈ।

ਪੀ ਐਮ ਐਚ-11 (2019) : ਇਹ ਕਿਸਮ ਤਕਰੀਬਨ 95 ਦਿਨ ਵਿੱਚ ਪੱਕਦੀ ਹੈ ਅਤੇ ਇਸਦਾ ਔਸਤਨ ਝਾੜ 22.0 ਕੁਇੰਟਲ ਪ੍ਰਤੀ ਏਕੜ ਹੈ।

ਪੀ ਐਮ ਐਚ-1 (2005) : ਇਹ ਕਿਸਮ ਤਕਰੀਬਨ 95 ਦਿਨ ਵਿੱਚ ਪੱਕਦੀ ਹੈ ਅਤੇ ਇਸਦਾ ਔਸਤਨ ਝਾੜ 21.0 ਕੁਇੰਟਲ ਪ੍ਰਤੀ ਏਕੜ ਹੈ।

ਪ੍ਰਭਾਤ (1987) : ਇਹ ਕਿਸਮ ਤਕਰੀਬਨ 95 ਦਿਨ ਵਿੱਚ ਪੱਕਦੀ ਹੈ ਅਤੇ ਇਸਦਾ ਔਸਤਨ ਝਾੜ 17.5 ਕੁਇੰਟਲ ਪ੍ਰਤੀ ਏਕੜ ਹੈ।

ਦਰਮਿਆਨਾ ਸਮਾਂ ਲੈਣ ਵਾਲੀ ਕਿਸਮ ਕੇਸਰੀ (1992) ਔਸਤਨ 16 ਕੁਇੰਟਲ ਝਾੜ ਪ੍ਰਤੀ ਏਕੜ ਹੈ ਅਤੇ ਤਕਰੀਬਨ 35 ਦਿਨ ਵਿੱਚ ਪੱਕ ਜਾਂਦੀ ਹੈ।

ਥੋੜਾ ਸਮਾਂ ਲੈਣ ਵਾਲੀ ਕਿਸਮ ਪੀ ਐਮ ਐਚ-2 (2005) : ਇਹ ਲਗਭਗ 83 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦਾ ਔਸਤਨ ਝਾੜ 18.0 ਕੁਇੰਟਲ ਪ੍ਰਤੀ ਏਕੜ ਹੈ। ਖਾਸ ਵਰਤੋਂ ਲਈ ਕਿਸਮਾਂ ਪੰਜਾਬ ਸਵੀਟ ਕੌਰਨ 1 (2008 ਇਹ ਕਿਸਮ ਲਗਭਗ 95-100 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਪੱਕਣ ਸਮੇ ਇਸ ਦੇ ਦਾਣੇ ਸੰਤਰੀ ਰੰਗ ਦੇ ਹੁੰਦੇ ਹਨ। ਇਸ ਦਾ ਹਰੀਆਂ ਛੱਲੀਆਂ ਦਾ ਔਸਤਨ ਝਾੜ 50 ਕੁਇੰਟਲ ਪ੍ਰਤੀ ਏਕੜ ਅਤੇ ਦਾਨਿਆਂ ਦਾ ਔਸਤਨ ਝਾੜ 13 ਕੁਇੰਟਲ ਪ੍ਰਤੀ ਏਕੜ ਹੈ।

ਪਰਲ ਪੌਪਕੌਰਨ (1995) : ਇਹ 35 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦਾ ਔਸਤਨ ਝਾੜ 12 ਕੁਇੰਟਲ ਪ੍ਰਤੀ ਏਕੜ ਹੈ।

**ਕਾਸ਼ਤ ਦੇ ਢੰਗ ਜ਼ਮੀਨ ਦੀ ਤਿਆਰੀ** : ਜ਼ਮੀਨ ਨੂੰ 4 ਜਾਂ 5 ਵਾਰ ਵਾਹੁਣ ਅਤੇ ਸੁਹਾਗੇ ਨਾਲ ਖੇਤ ਠੀਕ ਤਿਆਰ ਕਰਨਾ ਚਾਹੀਦਾ ਹੈ। ਤਾਂ ਜੋ ਸਿੰਚਾਈ ਠੀਕ ਹੋ ਸਕੇ ਅਤੇ ਵਾਧੂ ਪਾਣੀ ਬਾਹਰ ਕੱਢਿਆ ਜਾ ਸਕੇ। ਮੱਕੀ ਦੀ ਬਿਜਾਈ ਬਿਨਾਂ ਖੇਤ ਵਾਹੇ ਜ਼ੀਰੋ ਟਿੱਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ।



**ਬਿਜਾਈ ਦਾ ਸਮਾਂ** : ਮਈ ਦੇ ਆਖਰੀ ਹਫਤੇ ਤੋਂ ਅਖੀਰ ਜੂਨ ਤੱਕ। ਜਿਨ੍ਹਾਂ ਖੇਤਾਂ ਵਿੱਚ ਪਾਣੀ ਨਾਲ ਨੁਕਸਾਨ ਦੀ ਸੰਭਾਵਨਾ ਹੋਵੇ ਉੱਥੇ ਬਿਜਾਈ ਮਈ ਦੇ ਆਖਰੀ ਹਫਤੇ ਤੋਂ ਜਾਂ ਸ਼ੁਰੂ ਜੂਨ ਵਿੱਚ ਕਰੋ ਤਾਂ ਕਿ ਬਾਰਸ਼ਾਂ ਤੋਂ ਪਹਿਲਾਂ ਫਸਲ ਚੰਗੀ ਤਰ੍ਹਾਂ ਸੰਭਲ ਜਾਵੇ।

**ਬੀਜ ਦੀ ਮਾਤਰਾ** : ਪਰਲ ਪੌਪਕੌਰਨ ਲਈ 7 ਕਿਲੋ ਅਤੇ ਬਾਕੀ ਕਿਸਮਾਂ ਲਈ 8 ਕਿਲੋ ਬੀਜ ਪ੍ਰਤੀ ਏਕੜ ਵਰਤੋ।

**ਬੀਜਾਂ ਨੂੰ ਜੀਵਾਣੂ ਖਾਦ ਦਾ ਟੀਕਾ ਲਾਉਣਾ** : ਅੱਧਾ ਕਿਲੋ ਕਨਸੋਰਸ਼ੀਅਮ (ਜੀਵਾਣੂ ਖਾਦ) ਦੇ ਪੈਕੇਟ ਨੂੰ ਇਕ ਲੀਟਰ ਪਾਣੀ ਵਿੱਚ ਮਿਲਾ ਕੇ ਮੱਕੀ ਦੇ ਬੀਜ ਨੂੰ ਚੰਗੀ ਤਰ੍ਹਾਂ ਲਗਾਉਣ ਤੋਂ ਬਾਅਦ ਭਾਵੇਂ ਪੱਕੇ ਫਰਸ਼ ਤੇ ਖਿਲਾਰ ਕੇ ਸੁਕਾ ਲਉ ਅਤੇ ਛੇਤੀ ਬੀਜ ਦਿਉ। ਜੀਵਾਣੂ ਖਾਦ ਦਾ ਟੀਕਾ ਬੀਜ ਨੂੰ ਉੱਲੀਨਾਸਰ ਨਾਲ ਸੋਧਣ ਤੋਂ ਬਾਅਦ ਲਾਉ।

**ਬਿਜਾਈ ਦਾ ਢੰਗ** : ਮੱਕੀ ਦੀ ਬਿਜਾਈ 3-5 ਸੈਂਟੀਮੀਟਰ ਡੂੰਘੀ ਲਾਈਨਾਂ ਵਿੱਚ ਕਰੋ। ਕਤਾਰ ਤੋਂ ਕਤਾਰ ਦਾ ਫਾਸਲਾ 60 ਸੈਂਟੀਮੀਟਰ ਅਤੇ ਬੂਟੇ ਤੋਂ ਬੂਟੇ ਦਾ ਫਾਸਲਾਂ 20 ਸੈਂਟੀਮੀਟਰ ਰੱਖੋ। ਬਿਜਾਈ ਖਾਦ ਡਰਿਲ ਜਾਂ ਮੱਕੀਵਾਲੇ ਪਲਾਂਟਰ ਨਾਲ ਕਰੇ।

**ਖਾਲੀਆਂ ਵਿੱਚ ਬਿਜਾਈ** : ਮਈ ਦੇ ਅਖੀਰਲੇ ਹਫਤੇ ਤੋਂ ਅੱਧ ਜੂਨ ਤੱਥ ਬਿਜਾਈ ਟਰੈਕਟਰ ਵਾਲੀ ਰਿਜਰ ਮਸ਼ੀਨ ਨਾਲ ਬਣਾਈਆਂ ਖਾਲੀਆਂ ਵਿੱਚ ਕੀਤੀ ਜਾ ਸਕਦੀ ਹੈ ਜਿਸ ਨਾਲ ਖੁਸ਼ਕ ਅਤੇ ਗਰਮ ਮੌਸਮ ਵਿੱਚ ਪਾਣੀ ਘੱਟ ਅਤੇ ਸੌਖਾ ਲੱਗਦਾ ਹੈ।

**ਬੈੱਡ ਜਾਂ ਵੱਟਾਂ ਤੇ ਬਿਜਾਈ** : ਬੈੱਡ ਜਾਂ ਵੱਟਾਂ ਤੇ ਬਿਜਾਈ ਨਾਲ ਮੱਕੀ ਦੇ ਉੱਗਣ ਸਮੇਂ ਜ਼ਿਆਦਾ ਬਾਰਿਸ਼ ਨਾਲ ਖੜ੍ਹੇ ਪਾਣੀ ਦੇ ਨੁਕਸਾਨ ਤੋਂ ਬੱਚਤ ਹੋ ਜਾਂਦੀ ਹੈ। ਮੱਕੀ ਦੀ ਬਿਜਾਈ 76.5 ਸੈਂਟੀਮੀਟਰ ਬੈੱਡ ਦੇ ਵਿੱਚ 3-5 ਸੈਂਟੀਮੀਟਰ ਡੂੰਘਾਈ ਤੇ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 18 ਸੈਂਟੀਮੀਟਰ ਰੱਖੋ ਜਾਂ 60 ਸੈਂਟੀਮੀਟਰ ਦੀ ਵਿੱਥ ਤੋਂ ਵੱਟਾਂ ਦੇ ਪਾਸੇ ਤੋਂ 6-7 ਸੈਂਟੀਮੀਟਰ ਦੀ ਉੱਚਾਈ ਤੇ ਬਿਜਾਈ ਕਰੋ। ਬੂਟੇ ਤੋਂ ਬੂਟੇ ਦਾ ਫਾਸਲਾ 20 ਸੈਂਟੀਮੀਟਰ ਰੱਖੋ।

**ਬਿਨਾਂ ਵਹਾਈ ਬਿਜਾਈ** : ਬਿਨਾਂ ਵਹਾਈ ਜਾਂ ਵਾਹ ਕੇ ਬੀਜੀ ਹੋਈ ਕਣਕ ਤੋਂ ਬਾਅਦ ਮੱਕੀ ਬਿਨਾਂ ਵਾਹੇ ਜ਼ੀਰੋ ਟਿੱਲ ਡਰਿੱਲ ਨਾਲ ਬੀਜੀ ਜਾ ਸਕਦੀ ਹੈ। ਜਿਨ੍ਹਾਂ ਖੇਤਾਂ ਵਿੱਚ ਨਦੀਨ ਜ਼ਿਆਦਾ ਹੋਣ ਉੱਥੇ ਬਿਜਾਈ ਤੋਂ ਪਹਿਲਾਂ 500 ਮਿਲੀਲਿਟਰ ਗ੍ਰਾਮੈਕਸੋਨ 24 ਐਸ ਐਲ (ਪੈਰਾਕੁਐਟ) 200 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

1. ਮੱਕੀ ਦਾ ਵਧੇਰੇ ਝਾੜ ਲੈਣ ਲਈ ਦੇਸੀ/ਹਰੀ ਖਾਦ ਦੀ ਵਰਤੋਂ ਲਾਹੇਵੰਦ ਹੈ।
2. ਬਿਜਾਈ ਮਈ ਦੇ ਆਖਰੀ ਹਫਤੇ ਤੋਂ ਅਖੀਰ ਜੂਨ ਵਿੱਚ ਕਰੋ।
3. ਬੂਟਿਆਂ ਦੀ ਗਿਣਤੀ (3333 ਬੂਟੇ ਪ੍ਰਤੀ ਏਕੜ) ਪੂਰੀ ਰੱਖਣ ਵਾਸਤੇ ਬਿਜਾਈ 60×20 ਸੈਂਟੀਮੀਟਰ ਤੇ ਕਰੋ।
4. ਲੋੜ ਅਨੁਸਾਰ ਨਾਈਟ੍ਰੋਜਨ ਖਾਦ ਦੀ ਵਰਤੋਂ ਲਈ ਪੱਤਾ ਰੰਗ ਚਾਰਟ ਅਪਣਾਓ।
5. ਨਦੀਨਾਂ ਦੀ ਰੋਕਥਾਮ ਲਈ ਬਿਜਾਈ ਤੋਂ ਦਸ ਦਿਨਾਂ ਦੇ ਅੰਦਰ-ਅੰਦਰ ਐਟਰਾਟਾਫ 50 ਡਬਲਿਊ ਪੀ (ਐਟਰਾਜ਼ੀਨ) 800 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ ਅਤੇ 500 ਗ੍ਰਾਮ ਪ੍ਰਤੀ ਏਕੜ ਹਲਕੀਆਂ ਜ਼ਮੀਨਾਂ ਵਿੱਚ ਛਿੜਕਾਅ ਕਰੋ।
6. ਮੱਕੀ ਦੇ ਨਿਸਰਣ, ਸੂਤ ਕੱਤਣ ਅਤੇ ਦਾਣੇ ਪੈਣ ਸਮੇਂ ਪਾਣੀ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ।

**(ਅ) ਮੱਕੀ ਦੀ ਬਾਰਾਨੀ ਖੇਤੀ ਕਿਸਮਾਂ**

**ਪੀ ਐਮ ਐਚ 2 (2005)** : ਇਹ 82 ਦਿਨ ਵਿਚ ਪੱਕ ਕੇ ਤਿਆਰ ਹੋ ਜਾਂਦੀ ਹੈ। ਇਸ ਦਾ ਔਸਤਨ ਝਾੜ 16.5 ਕੁਇੰਟਲ ਪ੍ਰਤੀ ਏਕੜ ਹੈ।

**ਪ੍ਰਕਾਸ਼ (1997)** : ਇਹ ਤਕਰੀਬਨ 82 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦਾ ਔਸਤਨ ਝਾੜ 15 ਕੁਇੰਟਲ ਪ੍ਰਤੀ ਏਕੜ ਹੈ।

**ਮੇਘਾ (1990)** : ਇਹ ਤਕਰੀਬਨ 82 ਦਿਨਾਂ ਵਿੱਚ ਪੱਕ ਜਾਂਦੀ ਹੈ। ਇਸ ਦਾ ਔਸਤਨ ਝਾੜ 12 ਕੁਇੰਟਲ ਪ੍ਰਤੀ ਏਕੜ ਹੈ।

ਬੀਜ ਦੀ ਮਾਤਰਾ : 8 ਕਿਲੋ ਪ੍ਰਤੀ ਏਕੜ।

**ਬਿਜਾਈ ਦਾ ਸਮਾਂ** : 20 ਜੂਨ ਤੋਂ 7 ਜੁਲਾਈ। ਬਾਰਿਸ਼ਾਂ ਮੁਤਾਬਿਕ ਬਿਜਾਈ ਜਿੰਨੀ ਅਗੇਤੀ ਹੋ ਸਕੇ, ਚੰਗਾ ਹੈ।

**ਬਿਜਾਈ ਦਾ ਢੰਗ** : ਬਿਜਾਈ 3-5 ਸੈਂਟੀਮੀਟਰ ਡੂੰਘੀ ਲਾਇਨਾਂ ਵਿੱਚ ਕਰੋ। ਕਤਾਰਾਂ ਦਾ ਫਾਸਲਾ 60 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 20 ਸੈਂਟੀਮੀਟਰ ਰੱਖੋ।

**ਨਮੀਂ ਦੀ ਸੰਭਾਲ** : ਜ਼ਮੀਨ ਵਿੱਚ ਨਮੀਂ ਦੀ ਸੰਭਾਲ ਹੇਠਾਂ ਦੱਸੇ ਤਰੀਕੇ ਅਨੁਸਾਰ ਕਰੋ।

1. ਮੌਨਸੂਨ ਵਰਖਾ ਸ਼ੁਰੂ ਹੋਣ ਤੋਂ ਪਹਿਲਾਂ ਖੇਤਾਂ ਦੀਆਂ ਵੱਟਾਂ ਉੱਚੀਆਂ ਕਰ ਦਿਉ ਅਤੇ ਉੱਚੀਆਂ ਨੀਵੀਆਂ ਥਾਂਵਾਂ ਨੂੰ ਪੱਧਰਾ ਕਰੋ।
2. ਵਰਖਾ ਰੁੱਤ ਤੋਂ ਪਹਿਲਾਂ ਖੇਤ ਵਾਹ ਕੇ ਖੁੱਲ੍ਹੇ ਛੱਡੋ ਤਾਂ ਕਿ ਵਰਖਾ ਦਾ ਵੱਧ ਤੋਂ ਵੱਧ ਪਾਣੀ ਖੇਤ ਵਿੱਚ ਸਮਾ ਸਕੇ।
3. ਮੀਂਹ ਦੇ ਪਹਿਲੇ ਛਰਾਟਿਆਂ ਪਿੱਛੋਂ ਖੇਤ ਦੀ ਢਲਾਣ ਦੇ ਉਲਟ ਵਹਾਈ ਕਰਨ ਨਾਲ ਮੀਂਹ ਦਾ ਪਾਣੀ ਖੇਤ ਵਿੱਚ ਵਧੇਰੇ ਅਤੇ ਇਕਸਾਰ ਜਜ਼ਬ ਹੋ ਜਾਂਦਾ ਹੈ।
4. ਅਗਸਤ ਦੇ ਆਖਰੀ ਹਫਤੇ ਮੱਕੀ ਦੀ ਖੜ੍ਹੀ ਫਸਲ ਵਿੱਚ ਘਾਹ-ਫੂਸ ਜਾਂ ਪਰਾਲੀ ਆਦਿ ਖਿਲਾਰ ਕੇ ਜ਼ਮੀਨ ਢੱਕ ਦਿਉ।

**(ੲ) ਬੇਬੀ ਕੌਰਨ** : ਮੱਕੀ ਕੀ ਛੱਲੀ ਜਿਸ ਨੇ ਅਜੇ ਸੂਤ ਕੱਤਣਾ ਸ਼ੁਰੂ ਕੀਤਾ ਹੋਵੇ, ਪਰ ਦਾਣੇ ਬਣਨ ਦੀ ਕਿਰਿਆ ਸ਼ੁਰੂ ਨਾ ਹੋਈ ਹੋਵੇ, ਨੂੰ ਤੋੜ ਤੇ ਬੇਬੀ ਕੌਰਨ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਬੇਬੀ ਕੌਰਨ ਨੂੰ ਸਲਾਦ, ਪਕੌੜੇ, ਆਚਾਰ ਅਤੇ ਸੂਪ ਆਦਿ ਤਿਆਰ ਕਰਨ ਵਾਸਤੇ ਵਰਤਿਆ ਜਾ ਸਕਦਾ ਹੈ। ਇਸ ਦੀ ਵੱਡੇ ਹੋਟਲਾਂ ਅਤੇ ਜਹਾਜ਼ ਕੰਪਨੀਆਂ ਵਿੱਚ ਬਹੁਤ ਮੰਗ ਹੈ। ਪੱਛਮੀ ਦੇਸ਼ਾਂ ਵਿੱਚ ਲੋਕ ਇਸ ਨੂੰ ਕਾਫੀ ਪਸੰਦ ਕਰਦੇ ਹਨ। ਇਹ ਫਸਲ ਕੋਈ 60 ਦਿਨਾਂ ਵਿੱਚ ਖਤਮ ਹੋ ਜਾਂਦੀ ਹੈ ਅਤੇ ਬਾਕੀ ਦੇ ਟਾਂਡੇ ਨੂੰ ਪਸ਼ੂਆਂ ਦੇ ਹਰੇ ਚਾਰੇ ਵਜੋਂ ਵਰਤਿਆ ਜਾ ਸਕਦਾ ਹੈ। ਮੱਕੀ ਦਾ ਹਾਈਬ੍ਰਿਡ 'ਪਕਾਸ਼' ਅਤੇ ਕੰਪੋਜ਼ਿਟ 'ਕੇਸਰੀ' ਬੇਬੀ ਕੌਰਨ ਵਾਸਤੇ ਢੁੱਕਵੀਆਂ ਕਿਸਮਾਂ ਹਨ। ਪ੍ਰਕਾਸ ਦਾ ਔਸਤਨ ਝਾੜ 7.5 ਕੁਇੰਟਲ ਪ੍ਰਤੀ ਏਕੜ ਹੈ। ਪ੍ਰਕਾਸ਼ ਕਿਸਮ ਤੋਂ ਇਕਸਾਰ ਅਤੇ ਜ਼ਿਆਦਾ ਵਧੀਆ ਕੁਆਲਿਟੀ ਦੀ ਬੇਬੀ ਕੌਰਨ ਪ੍ਰਾਪਤ ਹੁੰਦੀ ਹੈ। ਫਸਲ ਦੀ ਬਿਜਾਈ ਅਪ੍ਰੈਲ ਮਹੀਨੇ ਤੋਂ ਲੈ ਕੇ ਅਗਸਤ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ। ਇਕ ਖੇਤ ਵਿਚੋਂ 2 ਜਾਂ ਜ਼ਿਆਦਾ ਫਸਲਾਂ ਲਈਆਂ ਜਾ ਸਕਦੀਆਂ ਹਨ। ਫਸਲ ਸਮੇਂ ਦੀ ਥੋੜ੍ਹੀ ਥੋੜ੍ਹੀ ਵਿੱਥ ਤੇ ਬੀਜਣੀ ਚਾਹੀਦੀ ਹੈ ਤਾਂ ਕਿ ਲੋੜ ਪੈਣ ਤੇ ਮੰਗ ਪੂਰੀ ਹੋ ਜਾਵੇ। ਬਿਜਾਈ ਵਾਸਤੇ ਲਾਈਨਾਂ ਵਿੱਚ 30 ਸੈਂਟੀਮੀਟਰ ਅਤੇ ਬੂਟਿਆਂ ਵਿੱਚ 20 ਸੈਂਟੀਮੀਟਰ ਦਾ ਫਾਸਲਾ ਹੋਣਾ ਚਾਹੀਦਾ ਹੈ। ਬੀਜ ਦੀ ਮਾਤਰਾ 16 ਕਿਲੋਗ੍ਰਾਮ ਪ੍ਰਤੀ ਏਕੜ ਵਰਤੋ। 24 ਕਿਲੋਗ੍ਰਾਮ ਨਾਈਟ੍ਰੋਜਨ (52 ਕਿਲੋ ਯੂਰੀਆ) ਤੱਤ ਨੂੰ ਦੋ ਬਰਾਬਰ ਕਿਸ਼ਤਾਂ ਵਿੱਚ ਬਿਜਾਈ ਵੇਲੇ ਅਤੇ ਫਿਰ ਜਦੋਂ ਮੱਕੀ ਦੀ ਫਸਲ ਗੋਡੇ ਗੋਡੇ ਹੋ ਜਾਵੇ, ਪਾਉ। ਸੂਤ ਨਿਕਲਣ ਸਾਰ ਹੀ ਤੁੜਾਈ ਕਰ ਲਵੋ ਕਿਉਂਕਿ ਪਿਛੇਤ ਕਰਨ ਨਾਲ ਕੁਆਲਿਟੀ ਘੱਟ ਜਾਂਦੀ ਹੈ। ਇੱਕ ਬੂਟੇ 'ਚੋਂ 2 ਜਾਂ 3 ਵਾਰ ਬੇਬੀ ਕੌਰਨ ਲੈਣੀ ਚਾਹੀਦੀ ਹੈ, ਕਿਉਂਕਿ ਇਸ ਤੋਂ ਬਾਅਦ ਕੁਆਲਟੀ ਵਧੀਆ ਨਹੀਂ ਰਹਿੰਦੀ। ਜੇਕਰ ਬਾਬੂ ਝੰਡੇ ਨੂੰ ਬੂਟੇ ਤੋਂ ਨਿਕਲਣ ਉੱਤੇ ਹੀ ਤੋੜ ਲਿਆ ਜਾਵੇ ਤਾਂ ਬੇਬੀ ਕੌਰਨ ਦਾ ਝਾੜ ਅਤੇ ਕੁਆਲਿਟੀ ਹੋਰ ਵੀ ਚੰਗੀ ਹੁੰਦੀ ਹੈ। ਮੰਡੀ ਵਿੱਚ ਵੇਚਣ ਵੇਲੇ ਛੱਲੀ ਉੱਤੇ ਪਰਦੇ ਦੀ ਇਕ ਤਹਿ ਰਹਿਣ ਦੇਣੀ ਚਾਹੀਦੀ ਹੈ।

# ਆਓ ਆਲਮੀ ਤਪਸ਼ ਘਟਾਈਏ



ਅੱਜ ਤੋਂ ਢਾਈ-ਤਿੰਨ ਸਦੀਆਂ ਪਹਿਲਾਂ ਬਾਬੇ ਵਾਰਸ ਸ਼ਾਹ ਨੇ ਆਪਣੀ ਸ਼ਾਹਕਾਰ ਰਚਨਾ 'ਹੀਰ' ਦੇ ਕਿੱਸੇ ਵਿਚ ਬੜਾ ਗਹਿਰ-ਗੰਭੀਰ ਸਵਾਲ ਸਾਡੇ ਭਾਈਚਾਰੇ ਦੇ ਸਿਰਮੌਰ ਭਰਾਵਾਂ ਸਾਹਮਣੇ ਕੁਝ ਸੋਚਣ ਤੇ ਅਮਲ ਕਰਨ ਲਈ ਉਠਾਇਆ ਸੀ -

**ਇਕ ਜੱਟ ਦੇ ਖੇਤ ਨੂੰ ਅੱਗ ਲੱਗੀ,**
**ਵੇਖਾਂ ਆਣ ਕੇ ਕਦੋਂ ਬੁਝਾਂਵਦਾ ਈ ।**

ਅੱਜ ਉਹੋ ਅੱਗ ਇਕ ਦੋ ਖੇਤਾਂ ਨੂੰ ਨਹੀਂ, ਸਮੁੱਚੇ ਪੰਜਾਬ, ਹਰਿਆਣੇ ਤੇ ਪੱਛਮੀ ਯੂ. ਪੀ. ਦੇ ਖੇਤਾਂ, ਰੁੱਖਾਂ, ਬੂਟਿਆਂ, ਜੀਵ-ਜੰਤੂਆਂ, ਜੜ੍ਹੀਆਂ-ਬੂਟੀਆਂ ਤੇ ਸਭ ਤੋਂ ਵੱਧ 'ਮਾਤਾ ਧਰਤਿ ਮਹਤੁ' ਨੂੰ ਹਰ ਆਏ ਵਰ੍ਹੇ ਵਿਸਾਖ-ਜੇਠ ਅਤੇ ਕੱਤਕ-ਮੱਘਰ ਦੇ ਮਹੀਨਿਆਂ ਵਿਚ ਦੋ ਵਾਰ ਲੂੰਹਦੀ ਹੈ । ਭਸਮਾਸੁਰ ਦਾ ਇਹ ਤਾਂਡਵ ਨਾਚ ਨਾ ਕਦੀ ਕਿਸੇ ਮੰਤਰੀ-ਸੰਤਰੀ ਨੂੰ ਝੰਜੋੜਦਾ ਏ ਤੇ ਨਾ ਈ ਕਿਸੇ ਮੋਟੀਆਂ ਤਨਖਾਹਾਂ ਬਟੋਰਨ ਵਾਲੇ ਸਰਕਾਰੀ ਅਫ਼ਸਰਸ਼ਾਹ ਨੂੰ । ਧਰਮ ਕਰਮ ਦੇ ਪਹਿਰੇਦਾਰ ਅਖਵਾਉਣ ਵਾਲੇ, ਸਵਰਗਾਂ ਦੇ ਨਕਸ਼ੇ ਵਿਖਾਉਣ ਵਾਲੇ ਅਖਾਉਤੀ ਮਹਾਂਪੁਰਸ਼ਾਂ ਤੇ ਧਰਮ ਦੀ ਅਗਵਾਈ ਕਰਨ ਵਾਲਿਆਂ ਨੂੰ ਇਹ ਮਹਾਂ ਪਾਪ ਤੇ ਕਦੀ ਨਜ਼ਰ ਹੀ ਨਹੀਂ ਆਇਆ ? ਆਮ ਲੋਕਾਈ ਦੀ ਤਾਂ ਗੱਲ ਈ ਵੱਖਰੀ ਹੈ ਕਿਉਂਕਿ ਉਹ ਸਹਿਜ ਵਾਲਾ ਸਿਹਤਮੰਦ ਰਾਹ ਵਿਸਾਰ ਕੇ ਸੰਸਾਰੀਕਰਨ ਵਾਲੀ ਭੋਗਵਾਦੀ ਗੱਡੀ ਦੇ ਮੁਸਾਫਰ ਬਣ ਕੇ ਮਾਇਆ ਦੀ ਚਕਾਚੌਂਧ ਵਿਚ ਸਭ ਕੁੱਝ ਭੁੱਲ ਗਏ ਹਨ । ਉਨ੍ਹਾਂ ਦੀ ਮੱਤ ਮਾਰੀ



ਗਈ ਹੈ । ਗੁਰਬਾਣੀ ਅਨੁਸਾਰ 'ਮਾਇਆਧਾਰੀ ਅਤਿ ਅੰਨਾ ਬੋਲਾ ।' ਸਮੁੱਚੇ ਸਮਾਜ ਨੂੰ ਨਾ ਕੁਦਰਤ ਦੇ ਪਸਾਰੇ ਦੀ ਪ੍ਰਵਾਹ ਹੈ ਤਾਂ ਨਾ ਹੀ ਆਪਣੇ ਆਰ-ਪਰਿਵਾਰ ਦੀ ਤੰਦਰੁਸਤੀ ਜਾਂ ਖੁਦ ਆਪਣੇ ਤਨ-ਬਦਨ ਦੀ ।

ਕਦੇ ਕਦਾਈਂ ਅਖ਼ਬਾਰਾਂ, ਟੀ.ਵੀ., ਰੇਡੀਓ ਜਾਂ ਪ੍ਰਚਾਰ ਪ੍ਰਸਾਰ ਵਾਲੇ ਵਾਤਾਵਰਣ ਦੀ ਪਲੀਤੀ ਦਾ ਜ਼ਿਕਰ ਜ਼ਰੂਰ ਛੇੜਦੇ ਹਨ ਉਹ ਵੀ ਖਾਨਾਪੂਰਤੀ ਤੋਂ ਵੱਧ ਕੁਝ ਨਹੀਂ ਹੁੰਦਾ । ਉਨ੍ਹਾਂ ਨੂੰ ਰਾਜਨੀਤੀ, ਅਰਥਚਾਰੇ, ਅਸੱਭਿਅਕ-ਲੱਚਰ ਸਭਿਆਚਾਰ ਤੇ ਚਮਕੇਬਾਜ਼ ਸਾਹਿਬ ਅਤੇ ਵਿਕਾਊ ਖ਼ਬਰਾਂ, ਰਿਪੋਰਟਾਂ ਤੋਂ ਹੀ ਵਿਹਲ ਨਹੀਂ ਮਿਲਦੀ । ਕੋਰਟ, ਕਚਹਿਰੀਆਂ ਵਰ੍ਹੇ-ਛਿਮਾਹੀਂ ਕੋਈ ਹਿਲਜੁਲ ਜ਼ਰੂਰ ਪੈਦਾ ਕਰ ਦਿੰਦੀਆਂ ਨੇ ਪਰ ਉਨ੍ਹਾਂ ਦਾ ਉਹ ਹੁਕਮ 'ਪੈਂਚਾਂ ਦਾ ਕਿਹਾ ਸਿਰ ਮੱਥੇ, ਪਰ ਪਰਨਾਲਾ ਉੱਥੇ ਦਾ ਉੱਥੇ' ਵਾਲੀ ਅਖਾਉਤ ਬਣ ਕੇ ਰਹਿ ਜਾਂਦਾ ਹੈ । ਕੁਝ ਸਹੀ ਰਾਹ ਵਿਖਾਉਣ ਵਾਲੇ ਸੰਤ ਜਿਵੇਂ ਬਾਬਾ ਸੇਵਾ ਸਿੰਘ ਖਡੂਰ ਸਾਹਿਬ, ਬਾਬਾ ਬਲਬੀਰ ਸਿੰਘ ਸੀਚੇਵਾਲ ਆਪਣੇ ਵੱਲੋਂ ਨਿਰੰਤਰ ਉਪਰਾਲੇ ਕਰ ਰਹੇ ਹਨ । ਇਵੇਂ ਹੀ ਕੁਝ ਸੱਜਣਾਂ ਨੇ ਸਮੂਹਿਕ ਰੂਪ ਵਿਚ ਜਾਂ ਵਿਅਕਤੀਗਤ ਪੱਧਰ 'ਤੇ ਕੋਸ਼ਿਸ਼ਾਂ ਕੀਤੀਆਂ, ਜਿਨ੍ਹਾਂ ਵਿਚ 'ਅਜੀਤ ਹਰਿਆਵਲ ਲਹਿਰ-ਜਲੰਧਰ', ਬਾਬਾ ਆਇਆ ਸੀ ਰਿਆੜਕੀ ਕਾਲਜ ਤੁਗਲਵਾਲਾ', 'ਪਿੰਗਲਵਾੜਾ-ਅੰਮ੍ਰਿਤਸਰ', ਸ੍ਰੀ ਸੁਰਿੰਦਰ ਬਾਂਸਲ-ਚੰਡੀਗੜ੍ਹ, ਚੌਗਿਰਦਾ ਬਚਾਓ ਕਮੇਟੀ ਪੰਜਾਬ-ਜਲੰਧਰ ਆਦਿ । ਪਰ ਇਹ ਸਾਰਾ ਕੁਝ ਅਜੇ ਵੀ ਨਗਾਰਖਾਨੇ

**ਡਾ. ਨਿਰਮਲ ਸਿੰਘ,**
**ਸੇਵਾਦਾਰ ਪੰਜਾਬੀ ਸੱਥ,**
**ਲਾਂਬੜਾ-ਜਲੰਧਰ**
**ਮੋ. 98152-56266**

ਵਿਚ ਤੂਤੀ ਤੋਂ ਵੱਧ ਨਹੀਂ । ਸਰਕਾਰ ਵੱਲੋਂ ਕਾਇਮ ਪ੍ਰਦੂਸ਼ਣ ਨਿਯੰਤਰਣ ਬੋਰਡ, ਵਣ ਵਿਭਾਗ, ਸਿਹਤ ਅਤੇ ਪਾਣੀ ਨਾਲ ਸਬੰਧਤ ਮਹਿਕਮੇ ਬੇਹੱਦ ਨਿਕੰਮੇ ਤੇ ਨਿੰਦਣਯੋਗ ਸਾਬਤ ਹੋਏ ਹਨ । ਆਉ ਕੁਝ ਦਹਾਕੇ ਪਿਛਾਂਹ ਝਾਤ ਮਾਰੀਏ ਜਦੋਂ ਪੰਜਾਬ ਸੱਚੀ-ਮੁੱਚੀ ਪਾਣੀਆਂ, ਤਰੋ ਤਾਜ਼ਾ ਕਰਨ ਵਾਲੀਆਂ ਪੌਣਾਂ ਅਤੇ ਰਿਸ਼ਟ-ਪੁਸ਼ਟ ਰੱਖਣ ਵਾਲੀ ਖਾਧ-ਖੁਰਾਕ 'ਤੇ ਮਾਣ ਕਰ ਸਕਦਾ ਸੀ ।

ਕਣਕ ਦਾ ਨਾੜ ਤੇ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਹਕੀਕਤ ਵਿਚ ਅਖਾਉਤੀ ਹਰੇ ਇਨਕਲਾਬ ਦੀ ਹਨ੍ਹੇਰੀ ਤੋਂ ਕੁਝ ਸਾਲ ਪਿੱਛੋਂ 1970-80 ਵਾਲੇ ਦਹਾਕੇ ਵਿਚ ਸ਼ੁਰੂ ਹੋਇਆ । ਉਦੋਂ ਪੰਜਾਬੀਆਂ ਨੇ ਭੁੱਖੇ ਮਰਦੇ ਭਾਰਤ ਦਾ ਢਿੱਡ ਤਾਂ ਭਰ ਦਿੱਤਾ ਪਰ ਆਪਣੇ ਵਾਤਾਵਰਣ, ਸਿਹਤ ਤੇ ਕੁਦਰਤ ਨਾਲੋਂ ਨਿਖੇੜਾ ਕਰ ਲਿਆ । ਇਨ੍ਹਾਂ ਨੂੰ ਆਪਣੀ ਅਕਲ ਹੀ ਬਹੁਤੀ ਜਾਪਣ ਲੱਗੀ । ਇਹ ਲਾਈਲੱਗਪੁਣੇ 'ਚ ਨਵੇਂ ਦੋਗਲੇ ਖ਼ੁਸ਼ਕ ਬੀਜ, ਅਤਿ ਭਿਆਨਕ ਮਾਰੂ ਜ਼ਹਿਰਾਂ ਕੀਟਨਾਸ਼ਕਾਂ ਅਤੇ ਖਾਦਾਂ ਦੇ ਰੂਪ ਵਿਚ, ਲਹੂ ਪੀਣੇ ਲੋਹੇ ਦੇ ਟ੍ਰੈਕਟਰਾਂ, ਪੰਪਾਂ ਤੇ ਹੋਰ ਸੰਦ ਵਲੇਵਿਆਂ ਦੀ ਵਰਤੋਂ, ਪੂਰਬੀਆਂ ਕੋਲੋਂ ਕੰਮ ਕਰਵਾਉਣ ਦੀ ਮਜਬੂਰੀ ਵਿਚ ਆਪਣਾ-ਆਪ ਭੁੱਲ ਗਏ । ਉਪਜ ਵਧਾਉਣ, ਵਧ ਪੈਸੇ ਕਮਾਉਣ, ਧਨਵਾਨ ਅਖਵਾਉਣ ਦੀ ਧੁਨ ਕਾਰਨ ਖੇਤਾਂ ਵਿਚੋਂ ਇਕ ਫਸਲ ਦੀ ਥਾਂ ਤਿੰਨ-ਤਿੰਨ, ਚਾਰ-ਚਾਰ ਫਸਲਾਂ ਉਗਾਉਣ ਦੀ ਪ੍ਰਵਿਰਤੀ ਭਾਰੂ ਹੋ ਗਈ । ਕਣਕਾਂ ਦੀ ਵਾਢੀ ਅਤੇ ਝੋਨੇ ਦੀ ਕਟਾਈ ਤੋਂ ਬਾਅਦ ਦੂਜੇ ਦਿਨ ਹੀ ਨਵੀਂ ਫਸਲ ਲਈ ਜ਼ਮੀਨ ਤਿਆਰ ਕਰਨ ਵਾਸਤੇ ਨਾੜ ਜਾਂ ਪਰਾਲੀ ਸਾੜਨ ਦੀ ਇਹ ਕੁਲਹਿਣੀ ਪਿਰਤ ਤੁਰੀ । ਅੱਜ ਅਸੀਂ ਇਹ ਅਤਿ ਭਿਆਨਕ ਕਾਰੇ ਦੇ ਮਾੜੇ ਸਿੱਟੇ ਪ੍ਰਤੱਖ ਰੂਪ ਵਿਚ ਮਹਿਸੂਸ ਕਰ ਰਹੇ ਹਾਂ । ਖੇਤਾਂ ਵਿਚੋਂ ਉੱਠ ਰਿਹਾ ਇਹ ਧੂੰਆਂ ਤੇ ਅੱਗ ਦੇ ਭਾਂਬੜ ਸਿਰਫ ਅੱਗ ਨਹੀਂ ਇਹ ਸਾਡੀ ਅਤਿ ਭਿਆਨਕ ਹੋਣੀ ਦੇ ਵਰੰਟ ਹਨ । ਇਸ ਧੂੰਏਂ ਵਿਚ ਨਿਰੀ ਕਾਰਬਨ ਗੈਸ ਹੀ ਨਹੀਂ ਇਹਦੇ ਵਿਚ ਕਾਰਬਨ ਮੋਨੋਆਕਸਾਈਡ, ਸਲਫਰ, ਨਾਈਟਰੋਜਨ ਵਰਗੀਆਂ ਮਾਰੂ ਗੈਸਾਂ ਤੋਂ ਇਲਾਵਾ ਖੇਤੀ 'ਚ ਵਰਤੇ ਗਏ ਸਾਰੇ ਰਸਾਇਣਕ ਪਦਾਰਥਾਂ ਦੀ ਘਾਤਕ ਰਹਿੰਦ-ਖੂੰਹਦ ਵੀ ਸ਼ਾਮਲ ਹੁੰਦੀ ਹੈ । ਇਹੋ ਕਾਰਨ ਹੈ ਕਿ ਜਦੋਂ ਅੱਗਾਂ ਖੇਤਾਂ ਵਿਚ ਉੱਠਦੀਆਂ ਨੇ ਤਾਂ ਘਰਾਂ ਅੰਦਰ ਬੈਠੇ ਲੋਕ ਦਮੇ, ਅਲਰਜੀ, ਅੱਖਾਂ, ਚਮੜੀ ਤੇ ਜਿਗਰ ਦੀਆਂ ਬਿਮਾਰੀਆਂ ਵਾਲੇ ਵੱਡੇ-ਛੋਟੇ ਖਾਸ ਕਰ ਬੱਚੇ-ਬੁੱਢੇ ਇਕਦਮ ਅਸਰ ਮਹਿਸੂਸ ਕਰਦੇ ਹਨ । ਉਹ ਕਿਸੇ ਨਾ ਕਿਸੇ ਖ਼ਤਰਨਾਕ ਰੋਗ ਦੀ ਜਕੜ ਵਿਚ ਆ ਜਾਂਦੇ ਹਨ ।

ਖੇਤਾਂ ਵਿਚਲੀ ਅੱਗ ਰੂਪੀ ਡੈਣ ਰਾਹਗੀਰਾਂ ਨੂੰ ਵੀ ਭੁੰਨ ਸੁੱਟਦੀ ਹੈ । ਗੱਡੀਆਂ, ਮੋਟਰਾਂ, ਪਸ਼ੂਆਂ, ਢਾਰਿਆਂ, ਕੋਠਿਆਂ ਤੇ ਬਿਜਲੀ ਦੀਆਂ ਤਾਰਾਂ ਨੂੰ ਅਕਸਰ ਆਪਣੇ ਕਲਾਵੇ ਵਿਚ ਲੈ ਲੈਂਦੀ ਹੈ । ਧਰਤੀ ਵਿਚਲੇ ਗੰਡ-ਗੰਡੋਏ, ਡੱਡੂ, ਕੱਛੂ, ਰੁੱਖਾਂ ਦੇ ਹਰੇ-ਭਰੇ ਫੁੱਲ, ਪੱਤੇ ਅਤੇ ਅਦਿੱਖ ਜੀਅ-ਜੰਤ ਇਹਦੀ ਲਪੇਟ 'ਚ ਆ ਜਾਂਦੇ ਨੇ । ਮਾਂ ਧਰਤੀ ਦਾ ਸੀਨਾ ਰੇਤ ਵਾਂਗੂੰ ਭੁੱਜ ਕੇ ਬਾਂਝ ਹੋ ਜਾਂਦਾ ਹੈ । ਦਮਾ, ਕੈਂਸਰ, ਅਲਰਜੀ, ਬਲੱਡ ਪ੍ਰੈਸ਼ਰ, ਯੂਰਿਕ ਐਸਿਡ ਵੱਧਣ, ਗੁਰਦੇ ਫੇਲ੍ਹ ਹੋਣ, ਜੋੜਾਂ ਦੀ ਤਕਲੀਫ, ਚਮੜੀ ਰੋਗ ਹੋਰ ਤਾਂ ਹੋਰ ਬੰਦਿਆਂ ਵਿਚ ਨਾਮਰਦੀ, ਔਰਤਾਂ ਵਿਚ ਬਾਂਝਪੁਣਾ ਸਿੱਧੇ ਜਾ ਅਸਿੱਧੇ ਪ੍ਰਦੂਸ਼ਿਤ ਵਾਤਾਵਰਨ ਨਾਲ ਜੁੜਿਆ ਹੋਇਆ ਮਸਲਾ ਹੈ । ਜੇ ਸੰਭਲ ਜਾਈਏ ਤਾਂ ਸ਼ਾਇਦ ਕੋਈ ਬਚਾਅ ਹੋ ਸਕੇ, ਨਹੀਂ ਤਾਂ ਅਗਨੀ ਦੇਵਤੇ ਦੀਆਂ ਲਾਲ ਜੀਭਾਂ ਨੇ ਸਾਨੂੰ ਜਿਉਂਦਿਆਂ ਹੀ ਭੁੰਨ ਸੁੱਟਣਾ ਹੈ ।

ਸਰਕਾਰਾਂ ਨੇ ਤਾਂ ਰਾਜ ਕਰਨਾ ਹੁੰਦਾ ਹੈ । ਉਨ੍ਹਾਂ ਕੋਲੋਂ ਬਹੁਤੀ ਆਸ ਨਾ ਹੀ ਰੱਖੀ ਜਾਵੇ ਤਾਂ ਬੇਹਤਰ ਹੈ । ਆਪਣੇ ਦਿਮਾਗ ਦੀਆਂ ਬੂਹੇ-ਬਾਰੀਆਂ ਖੋਲ੍ਹ ਕੇ ਸੋਚੀਏ ਕਿ ਅੱਜ ਤੋਂ ਪੰਜਾਹ ਸਾਲ ਪਹਿਲਾਂ ਵੀ ਤਾਂ ਕਣਕ ਦੇ ਵੱਢਾਂ ਵਿਚ ਅਸੀਂ ਕੁਝ ਨਾ ਕੁਝ ਬੀਜਦੇ ਹੀ ਸਾਂ । ਹੁਣ ਕੰਬਾਈਨਾਂ ਦੀ ਰਹਿੰਦ-ਖੂੰਹਦ ਨੂੰ ਤੂੜੀ ਬਣਾਉਣ ਤੇ ਬਾਕੀ ਰਹਿ ਗਏ ਨੂੰ ਸਮੇਟਨ ਲਈ ਜਮਾਂ-ਘਟਾਓ ਵਿਚ ਪੈਣ ਦੀ ਥਾਂ ਗਾਲਣ ਦੀਆਂ ਜੁਗਤਾਂ ਸੋਚੀਏ । ਮਾਂ ਧਰਤੀ ਨੂੰ, ਪਿਤਾ ਪਾਣੀ ਅਤੇ ਗੁਰੂ ਰੂਪੀ ਪੌਣ ਤੋਂ ਬਚਾਉਣ ਲਈ ਇਕਜੁਟ ਹੋਈਏ । ਆਲਮੀ ਤਪਸ਼ ਘਟਾਈਏ, ਠੰਢ ਵਰਤਾਈਏ, ਆਪ ਵੀ ਜਿਉਂਦੇ-ਜਾਗਦੇ ਰਹੀਏ ਤੇ ਸਰਬੱਤ ਦਾ ਭਲਾ ਮੰਗਦੇ ਹੋਏ ਕੀਟ-ਪਤੰਗਾਂ ਤੇ ਸਮੁੱਚੀ ਬਨਸਪਤੀ ਨੂੰ ਵੀ ਸਾਂਭੀਏ । ਸਿਹਤ, ਅਮੀਰੀ ਤੇ ਸੁੱਖ-ਸ਼ਾਂਤੀ ਤਾਂ ਸਹਿਜ 'ਚੋਂ ਹੀ ਲੱਭ ਸਕਦੇ ਹਨ, ਸਾੜ ਫੂਕ ਤੇ ਹਿੰਸਾ ਜਾਂ ਤਾਅਨੇ-ਮਿਹਣਿਆਂ, ਉਲਾਹਮਿਆਂ 'ਚੋਂ ਕਤਈ ਵੀ ਨਹੀਂ । ਬਾਬਾ ਨਾਨਮ ਤਾਂ ਸਦੀਆਂ ਪਹਿਲੋਂ ਫੁਰਮਾ ਗਏ ਨੇ -

'ਆਪਣ ਹੱਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ ॥'

# ਦੁਧਾਰੂ ਪਸ਼ੂਆਂ ਨੂੰ ਗਰਮੀ ਦੇ ਪ੍ਰਕੋਪ ਤੋਂ ਬਚਾਓ... ਭਰਪੂਰ ਮਾਤਰਾ ਵਿੱਚ ਦੁੱਧ ਉਤਪਾਦਨ ਲਓ

**• ਗਰਮੀ ਨਾਲ ਪਸ਼ੂਆਂ ਦੀ ਸਿਹਤ 'ਤੇ ਪੈਂਦਾ ਹੈ ਬੁਰਾ ਪ੍ਰਭਾਵ, ਬਚਾਉਣ ਲਈ ਪ੍ਰੋਟੀਨ ਅਤੇ ਊਰਜਾ ਯੁਕਤ ਚਾਰੇ ਦੀ ਜ਼ਰੂਰਤ • ਸਲਾਹ... ਪਸ਼ੂਆਂ ਨੂੰ ਇਸ਼ਨਾਨ ਕਰਵਾਉਂਦੇ ਰਹੋ, ਖੁਰਾਕ ਵਿੱਚ ਵਿਟਾਮਿਨ ਨੂੰ ਸ਼ਾਮਿਲ ਕਰੋ**

ਗਰਮੀ ਦਾ ਪ੍ਰਕੋਪ ਲਗਾਤਾਰ ਵੱਧ ਰਿਹਾ ਹੈ । ਔਸਤਨ ਤਾਪਮਾਨ 45-46 ਡਿਗਰੀ ਸੈਲਸੀਅਸ ਤੱਕ ਪਹੁੰਚ ਚੁੱਕਾ ਹੈ । ਅਜਿਹੇ ਹਾਲਾਤਾਂ ਵਿੱਚ ਵੱਧ ਰਿਹਾ ਤਾਪਮਾਨ ਦੁਧਾਰੂ ਪਸ਼ੂਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਸਕਦਾ ਹੈ ਅਤੇ ਦੁੱਧ ਦੀ ਮਾਤਰਾ 'ਤੇ ਅਸਰ ਪੈ ਸਕਦਾ ਹੈ । ਗਰਮੀ ਦੇ ਪ੍ਰਕੋਪ ਤੋਂ ਦੁਧਾਰੂ ਪਸ਼ੂਆਂ ਨੂੰ ਬਚਾਉਣ ਲਈ ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਦੇ ਮਾਹਿਰ ਡਾ. ਧਾਲੀਵਾਲ ਨੇ ਪਸ਼ੂ-ਪਾਲਕਾਂ ਲਈ ਕੁਝ ਜ਼ਰੂਰੀ ਸੁਝਾਅ ਦਿੱਤੇ ਹਨ, ਜਿਨ੍ਹਾਂ ਨੂੰ ਅਪਨਾ ਕੇ ਪਸ਼ੂ-ਪਾਲਕ ਨਾ ਕੇਵਲ ਆਪਣੇ ਪਸ਼ੂਆਂ ਨੂੰ ਜਬਰਦਸਤ ਗਰਮੀ ਦੇ ਪ੍ਰਕੋਪ ਤੋਂ ਬਚਾ ਸਕਦੇ ਹਨ, ਬਲਕਿ ਗਰਮੀ ਦੇ ਦਿਨਾਂ ਵਿੱਚ ਵੀ ਚੰਗਾ ਦੁੱਧ ਪ੍ਰਾਪਤ ਕਰ ਸਕਦੇ ਹਨ । ਡਾ. ਧਾਲੀਵਾਲ ਦਾ ਕਹਿਣਾ ਹੈ ਕਿ ਗਰਮੀ ਤੋਂ ਪਸ਼ੂਆਂ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ । ਕਿਉਂਕਿ ਇਸ ਤਰ੍ਹਾਂ ਦੇ ਤਾਪਮਾਨ ਵਿੱਚ ਪਸ਼ੂਆਂ ਨੂੰ ਭੁੱਖ ਘੱਟ ਲੱਗਦੀ ਹੈ । ਖੁਰਾਕ ਘੱਟ ਖਾਣ ਨਾਲ ਪਸ਼ੂ ਦਬਾਅ ਮਹਿਸੂਸ ਕਰਦੇ ਹਨ, ਜੋ ਸਿਹਤ ਦੇ ਨਾਲ-ਨਾਲ ਦੁੱਧ ਉਤਪਾਦਨ 'ਤੇ ਅਸਰ ਪਾਉਂਦਾ ਹੈ । ਇਸ ਪ੍ਰਭਾਵ ਨੂੰ ਘੱਟ ਕਰਨ ਲਈ ਪਸ਼ੂ-ਪਾਲਕ ਲਗਾਤਾਰ ਦੁਧਾਰੂ ਪਸ਼ੂਆਂ ਲਈ ਠੰਡੇ ਪਾਣੀ ਦਾ ਇੰਤਜ਼ਾਮ ਕਰਨ । ਪਸ਼ੂਆਂ ਨੂੰ ਛਾਂ ਹੇਠਾਂ ਰੱਖੋ । ਉਨ੍ਹਾਂ ਨੂੰ ਪਾਣੀ ਪੀਣ ਲਈ ਉਚਿੱਤ ਪ੍ਰਬੰਧ ਕਰੋ । ਖੁਰਾਕ ਦੀ ਮਾਤਰਾ ਵਿੱਚ ਪ੍ਰੋਟੀਨ ਅਤੇ ਊਰਜਾ ਦੀ ਬਹੁਤਾਤ ਰੱਖੋ । ਦੁੱਧ ਚੋਣ ਤੋਂ ਬਾਅਦ ਹਰਾ ਚਾਰਾ ਖੁੱਲ੍ਹੀ ਮਾਤਰਾ ਵਿੱਚ ਪਾਓ । ਠੰਡੇ ਵਕਤ ਦੁੱਧ ਚੋਣਾ ਚਾਹੀਦਾ ਹੈ ਅਤੇ ਖੁਰਾਕ ਸਹੀ ਸਮੇਂ 'ਤੇ ਦਿਓ, ਤਾਂਕਿ ਤੇਜ਼ ਧੁੱਪ ਦੇ ਪ੍ਰਭਾਵ ਤੋਂ ਬਚ ਸਕਣ ।



### ਸ਼ੈਡ ਦੇ ਅੰਦਰ ਫੁਹਾਰੇ ਅਤੇ ਪੱਖਿਆਂ ਦਾ ਕਰੋ ਪ੍ਰਬੰਧ

ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਵਾਰ-ਵਾਰ ਇਸ਼ਨਾਨ ਕਰਵਾਉਣਾ ਚਾਹੀਦਾ ਹੈ । ਇਸ ਤੋਂ ਇਲਾਵਾ ਸ਼ੈਡ ਦੇ ਅੰਦਰ ਫੁਹਾਰੇ ਆਦਿ ਦਾ ਪ੍ਰਬੰਧ ਕਰਨਾ ਚਾਹੀਦਾ ਹੈ । ਗਰਮੀ ਦਾ ਪ੍ਰਕੋਪ ਘਟਾਉਣ ਲਈ ਵਿਟਾਮਿਨ ਏ, ਡੀ, ਸੀ ਅਤੇ ਬੀ ਕੰਪਲੈਕਸ ਦੀ ਮਾਤਰਾ ਜ਼ਿਆਦਾ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਦੇਣੀ ਚਾਹੀਦੀ ਹੈ । ਗਰਮੀ ਦੌਰਾਨ ਮੁਰਗੀਆਂ ਲਈ ਤਾਜ਼ਾ ਪਾਣੀ 24 ਘੰਟੇ ਉਪਲੱਬਧ ਰਹਿਣਾ ਚਾਹੀਦਾ ਹੈ । ਮੁਰਗੀਆਂ ਨੂੰ ਖੁਰਾਕ ਸਵੇਰੇ ਜਲਦੀ ਅਤੇ ਰਾਤ ਦੇ ਸਮੇਂ ਜਦੋਂ ਮੌਸਮ ਠੰਡਾ ਹੋ ਜਾਵੇ, ਪਾਉਣੀ ਚਾਹੀਦੀ ਹੈ । ਅੰਡੇ ਅਤੇ ਮੀਟ ਠੰਡੀ ਜਗ੍ਹਾਂ 'ਤੇ ਸਟੋਰ ਕਰਨ ਦੀ ਯੋਜਨਾ ਵੀ ਬਹੁਤ ਜ਼ਰੂਰੀ ਹੈ । ਬੱਕਰੀਆਂ ਲਈ ਖੁੱਲ੍ਹੇ ਹਵਾਦਾਰ ਸ਼ੈਡ, ਤਾਜ਼ਾ ਪਾਣੀ ਅਤੇ ਫੀਡ ਦਾ ਪ੍ਰਬੰਧ ਯਕੀਨੀ ਬਣਾਉਣਾ ਚਾਹੀਦਾ ਹੈ । ਬੱਕਰੀਆਂ ਲਈ ਚਰਾਉਣ ਲਈ ਲੈ ਜਾਣ ਦਾ ਸਮਾਂ ਵੀ ਠੰਡੇ ਪਹਿਰ ਰੱਖਣਾ ਚਾਹੀਦਾ ਹੈ ।

### ਸਵੇਰੇ ਜਲਦੀ, ਸ਼ਾਮ ਨੂੰ ਦੇਰੀ ਨਾਲ ਕਰੋ ਵੈਕਸੀਨੇਸ਼ਨ...

ਬਿਮਾਰੀਆਂ ਤੋਂ ਬਚਾਉਣ ਲਈ ਵੈਕਸੀਨੇਸ਼ਨ ਸਵੇਰੇ ਜਲਦੀ ਅਤੇ ਸ਼ਾਮ ਨੂੰ ਦੇਰੀ ਨਾਲ ਕਰਨੀ ਚਾਹੀਦੀ ਹੈ । ਗਰਮੀ ਦੀ ਰੋਕਥਾਮ ਹਰ ਤਰ੍ਹਾਂ ਦੇ ਯੂਨਿਟ ਵਿੱਚ ਇਸ ਤਰ੍ਹਾਂ ਨਾਲ ਕਰੋ ਕਿ ਉਤਪਾਦਨ 'ਤੇ ਕੋਈ ਅਸਰ ਨਾ ਪਏ ਅਤੇ ਜਬਰਦਸਤ ਗਰਮੀ ਵਿੱਚ ਸਹੀ ਉਤਪਾਦਨ ਲਿਆ ਜਾ ਸਕੇ । ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ ਦੇ ਡਿਪਟੀ ਡਾਇਰੈਕਟਰ (ਟ੍ਰੇਨਿੰਗ) ਡਾ. ਗੁਰਦੀਪ ਸਿੰਘ ਨੇ ਪਸ਼ੂਆਂ ਨੂੰ ਗਰਮੀ ਤੋਂ ਬਚਾਅ ਲਈ ਉਪਾਅ ਸਾਂਝੇ ਕਰਦੇ ਹੋਏ ਕਿਹਾ ਕਿ ਸ਼ੈਡ ਦੇ ਨੇੜੇ-ਤੇੜੇ ਛਾਂ ਵਾਲੇ ਪੇੜ ਲਗਾਉਣ ਦੇ ਨਾਲ-ਨਾਲ ਫੁੱਲ-ਪੌਦੇ ਅਤੇ ਘਾਹ ਆਦਿ ਲਗਾਉਣਾ ਚਾਹੀਦਾ ਹੈ । ਪਸ਼ੂਆਂ ਨੂੰ ਲਗਾਤਾਰ ਪਾਣੀ ਪਿਲਾਉਂਦੇ ਰਹਿਣ ਨਾਲ ਤਾਪਮਾਨ ਦਾ ਪ੍ਰਕੋਪ ਘੱਟ ਹੁੰਦਾ ਹੈ ।

# ਅਲੋਪ ਹੋ ਰਹੀ ਗੁੱਡੀਆਂ ਦੀ ਕਲਾ ਅਤੇ ਸਭਿਆਚਾਰ ਨੂੰ ਸੰਭਾਲਣ ਦਾ ਸਫਲ ਯਤਨ

ਪੰਜਾਬੀ ਮਿਹਨਤੀ, ਹਿੰਮਤੀ ਅਤੇ ਖਤਰੇ ਸਹੇੜਨ ਲਈ ਹਮੇਸ਼ਾਂ ਤਿਆਰ ਰਹਿੰਦੇ ਹਨ। ਜਦੋਂ ਵੀ ਇਨ੍ਹਾਂ ਨੂੰ ਕਿਸੇ ਨਵੀਂ ਥਾਂ ਜਾਣ ਦਾ ਮੌਕਾ ਮਿਲਦਾ ਹੈ ਤਾਂ ਉਹ ਉੱਥੇ ਜਾਣ ਲਈ ਸਭ ਤੋਂ ਅੱਗੇ ਹੁੰਦੇ ਹਨ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਵੀ ਪੰਜਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ। ਦੇਸ਼ ਦੀ ਆਜ਼ਾਦੀ ਸਮੇਂ ਪੰਜਾਬੀ ਦੀ ਵੰਡ ਹੋਈ ਤੇ ਪੰਜਾਬੀਆਂ ਨੇ ਭਿਆਨਕ ਸੰਤਾਪ ਭੋਗਿਆ। ਪਾਕਿਸਤਾਨ ਵਾਲੇ ਪੰਜਾਬ ਵਿਚ ਕਿਸੇ ਹਿੰਦੂ ਜਾਂ ਸਿੱਖ ਦੀ ਰਹਿਣਾ ਮੁਸ਼ਕਿਲ ਹੋ ਗਿਆ ਤੇ ਇਸ ਪਾਸੇ ਮੁਸਲਮਾਨਾਂ ਨੂੰ ਘਰ ਬਾਰ ਛੱਡ ਕੇ ਜਾਣਾ ਪਿਆ। ਲੱਖਾਂ ਲੋਕ ਮਾਰੇ ਗਏ। ਔਰਤਾਂ ਦੀ ਇੱਜਤ ਲੁੱਟੀ ਗਈ ਤੇ ਸਭੋ ਕੁਝ ਲੁਟਾ ਕੇ ਖਾਲੀ ਹੱਥ ਆਉਣਾ ਪਿਆ। ਉਧਰੋਂ ਆਏ ਪੰਜਾਬੀਆਂ ਨੇ ਇਸ ਪਾਸੇ ਪੈਰ ਲਗਦਿਆਂ ਹੀ ਅੱਗੇ ਵਧਣਾ ਸ਼ੁਰੂ ਕੀਤਾ। ਖੇਤੀ ਦੇ ਨਵੇਂ ਢੰਗ ਤਰੀਕੇ, ਨਵੇਂ ਬੀਜ ਅਤੇ ਮਸ਼ੀਨਾਂ ਦੀ ਵਰਤੋਂ ਕਰਨ ਵਿਚ ਪੰਜਾਬੀਆਂ ਦੇਸ਼ ਦੀ ਅਗਵਾਈ ਕੀਤੀ। ਜਿੱਥੇ ਉਹ ਲੋੜ ਪੈਣ ਉੱਤੇ ਸਰਹੱਦਾਂ ਦੀ ਰਾਖੀ ਕਰਦੇ ਸਨ, ਉੱਥੇ ਭੁੱਖਮਰੀ ਨਾਲ ਜੂਝ ਰਹੇ ਦੇਸ਼ ਵਿਚ ਅਨਾਜ ਦੇ ਢੇਰ ਲਗਾ ਦਿੱਤੇ। ਜਿਸ ਨੂੰ ਹਰਾ ਇਨਕਲਾਬ ਆਖਿਆ ਗਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰੇ ਇਨਕਲਾਬ ਨਾਲ ਦੇਸ਼ ਨੂੰ ਭੁੱਖਮਰੀ ਤੋਂ ਬਚਾਇਆ ਗਿਆ ਅਤੇ ਪੰਜਾਬ ਵਿਚ ਖੁਸ਼ਹਾਲੀ ਆਈ। ਪਰੰਤੂ ਖੁਸ਼ਹਾਲੀ ਲਈ ਵੀ ਪੰਜਾਬੀਆਂ ਨੂੰ ਵੱਡੀਆਂ ਕੁਰਬਾਨੀਆਂ ਦੇਣੀਆਂ ਪਈਆਂ। ਆਈ ਖੁਸ਼ਹਾਲੀ ਨੇ ਵਿਉਪਾਰੀਆਂ ਨੂੰ ਆਪਣੇ ਵੱਲ ਖਿੱਚਿਆ। ਟ੍ਰੈਕਟਰ ਤੇ ਦੂਜੀਆਂ ਮਸ਼ੀਨਾਂ ਦੇ ਪ੍ਰਦਰਸ਼ਨ ਕਰਕੇ ਕਿਸਾਨਾਂ ਨੂੰ ਇਨ੍ਹਾਂ ਦੀ ਖਰੀਦ ਲਈ ਉਤਸ਼ਾਹਿਤ ਕੀਤਾ। ਜਿਸ ਨਾਲ ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ। ਸਿੰਚਾਈ ਸਹੂਲਤਾਂ ਦੇ ਵਾਧੇ ਨਾਲ ਸਾਰੀ ਧਰਤੀ ਦੋ ਫਸਲੀ ਹੋ ਗਈ ਜਿਸ ਨਾਲ ਕਾਮਿਆਂ ਦੀ ਮੰਗ ਵਧੀ ਤੇ ਦੂਜੇ ਸੂਬਿਆਂ ਤੋਂ ਕਾਮੇ ਆਉਣੇ ਲੱਗੇ। ਪਹਿਲਾਂ ਉਹ ਫਸਲ ਦੀ ਲੁਆਈ ਅਤੇ ਵਾਢੀ ਸਮੇਂ ਹੀ ਆਉਂਦੇ ਸਨ ਮੁੜ ਉਹ ਟੱਬਰਾਂ ਸਮੇਤ ਆ ਕੇ ਇਥੇ ਹੀ ਰਹਿਣ ਲਗ ਪਏ। ਉਨ੍ਹਾਂ ਦੇ ਬੱਚਿਆਂ, ਦੁਕਾਨਾਂ ਅਤੇ ਦਫਤਰਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਅਤੇ ਔਰਤਾਂ ਨੇ ਘਰਾਂ ਦਾ ਕੰਮ ਸੰਭਾਲ ਲਿਆ। ਹੁਣ ਘਰਾਂ ਅਤੇ ਖੇਤਾਂ ਦਾ ਬਹੁਤਾ ਕੰਮ ਇਹ ਲੋਕ ਹੀ ਕਰਦੇ ਹਨ। ਸ਼ਹਿਰਾਂ ਦੇ ਬਹੁਤੇ ਘਰਾਂ ਵਿਚ ਰੋਟੀ ਵੀ ਇਹ ਲੋਕ ਹੀ ਪਕਾਉਣ ਲਗ ਪਏ ਹਨ। ਇੰਝ ਪੰਜਾਬੀ ਹੌਲੀ ਹੌਲੀ ਕਿਰਤ ਤੋਂ ਦੂਰ ਹੋ ਰਹੇ ਹਨ। ਤਕਨੀਕੀ ਕੰਮ ਜਿਵੇਂ ਕਿ ਲੁਹਾਰਾ, ਤਰਖਾਣ, ਪਲੰਬਰ, ਰਾਜ ਮਿਸਤਰੀ ਆਦਿ ਕੰਮ ਦੀ ਹੌਲੀ ਹੌਲੀ ਇਨ੍ਹਾਂ ਹੀ ਸੰਭਾਲ ਲਏ ਹਨ। ਪੰਜਾਬ ਦੇ ਇਨ੍ਹਾਂ ਕਿੱਤਿਆਂ ਦੇ ਆਪਣੇ ਤੌਰ ਤਰੀਕੇ ਅਤੇ ਦਸਤਕਾਰੀ ਅਲੋਪ ਹੋ ਗਏ ਹਨ। ਵਿਦਿਆ ਦੇ ਵਿਉਪਾਰੀਆਂ ਨੇ ਥਾਂ ਥਾਂ ਅੰਗ੍ਰੇਜ਼ੀ ਸਕੂਲ ਖੋਲ੍ਹ ਲਏ। ਇਨ੍ਹਾਂ ਸਕੂਲਾਂ ਵਿਚ ਬੱਚੇ ਭੇਜਣਾ ਪੰਜਾਬੀ ਆਪਣੀ ਸ਼ਾਨ ਸਮਝਣ ਲਗ ਪਏ ਹਨ। ਇਨ੍ਹਾਂ ਸਕੂਲਾਂ ਵਿਚ ਪੰਜਾਬੀ ਪੜ੍ਹਨੀ ਤੇ ਬੋਲਣੀ ਸਖਤ ਮਨ੍ਹਾਂ ਹੈ। ਇੰਝ ਪੰਜਾਬੀ ਬੱਚੇ ਆਪਣੀ ਮਾਂ-ਬੋਲੀ, ਆਪਣੇ ਇਤਿਹਾਸ, ਆਪਣੇ ਸਭਿਆਚਾਰ ਅਤੇ ਆਪਣੇ ਰਸਮੋ ਰਿਵਾਜਾਂ ਤੋਂ ਦੂਰ ਹੋ ਗਏ ਹਨ। ਬਜ਼ਾਰ ਕੱਪੜਿਆਂ, ਬਿਜਲੀ ਉਪਕਰਨਾਂ ਫਰਨੀਚਰ ਆਦਿ ਨਾਲ ਭਰ ਗਏ। ਪਿੰਡਾਂ ਵਿਚ ਸਾਰੇ ਘਰ ਪੱਕੇ ਹੋ ਗਏ, ਬਿਜਲੀ ਆ ਗਈ, ਪਾਣੀ ਦੀਆਂ ਟੂਟੀਆਂ ਲਗ ਗਈਆਂ। ਘਰ ਵਿਚ ਚੱਕੀ, ਚੁੱਲ੍ਹੇ ਚਰਖੇ ਖਰੋਸ਼ੀਏ, ਸਲਾਈਆਂ ਆਦਿ ਅਲੋਪ ਹੋ ਗਈ। ਮੰਜੇ, ਪੀਹੜੀਆਂ, ਮੂੜੇ, ਦਰੀਆਂ, ਫੁਲਕਾਰੀਆਂ, ਛਿੱਕੂ, ਗੁੱਡੀਆਂ ਪਟੋਲੇ ਸਭੋ ਕੁਝ ਬੀਤੇ ਦੀਆਂ ਕਹਾਣੀਆਂ ਤੱਕ ਹੀ ਸੀਮਤ ਹੋ ਗਏ। ਆਪਸੀ ਭਾਈਚਾਰਾ, ਰਹਿਣ ਸਹਿਣ ਰਸਮੋ ਰਿਵਾਜ ਸਭੋ ਕੁਝ ਬਦਲ ਗਿਆ। ਜਿਸ ਤੇਜ਼ੀ ਨਾਲ ਪੰਜਾਬੀ ਜੀਵਣ ਬਦਲਿਆ ਇਸ ਤੇਜ਼ੀ ਨਾਲ ਤਬਦੀਲੀ ਸ਼ਾਇਦ ਸੰਸਾਰ ਵਿਚ ਕਿਤੇ ਵੀ ਨਹੀਂ ਸੀ ਆਈ। ਨਵੀਂ ਪੀੜ੍ਹੀ ਨੂੰ ਜਦੋਂ ਅਸੀਂ ਬਚਪਨ ਦੀਆਂ ਕਹਾਣੀਆਂ ਸੁਣਾਉਂਦੇ ਹਾਂ ਤਾਂ ਉਨ੍ਹਾਂ ਲਈ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਕਿ ਅਜੇਹਾ ਕਦੇ ਹੋਇਆ ਸੀ।

ਅਫਸੋਸ ਇਸ ਗਲ ਦਾ ਹੈ ਕਿ ਕਿਸੇ ਵੀ ਸਰਕਾਰ, ਸੰਸਥਾ ਜਾਂ ਧਾਰਮਿਕ ਆਗੂ ਨੇ ਆਪਣੇ ਵਿਰਸੇ ਦੀ ਸਾਂਭ ਸੰਭਾਲ ਨਾਲ ਬਿਲਕੁਲ ਧਿਆਨ ਨਹੀਂ ਦਿੱਤਾ। ਇੰਝ ਪੰਜਾਬੀ ਜੀਵਨ ਸਮਾਜਿਕ ਕਦਰਾਂ ਕੀਮਤਾਂ ਨੂੰ ਭੁੱਲ ਆਪ ਮੁਹਾਰਾ ਹੋ ਗਿਆ। ਇਸੇ ਕਰਕੇ ਮਿਹਨਤ, ਸੰਤੋਖ, ਭਾਈਚਾਰਾ, ਇਮਾਨਦਾਰੀ ਆਦਿ ਪੰਜਾਬੀਆਂ ਦੇ ਮੁੱਖ ਗੁਣ ਅਲੋਪ ਹੋ ਰਹੇ ਹਨ। ਕੁਝ ਪੰਜਾਬੀ ਪਿਆਰਿਆਂ ਨੇ ਆਪੋ ਆਪਣੀ ਪੱਧਰ ਉੱਤੇ ਪੰਜਾਬੀ ਵਿਰਸੇ ਦੀ ਸਾਂਭ ਸੰਭਾਲ ਦੇ ਯਤਨ ਕੀਤੇ ਹਨ। ਇਨ੍ਹਾਂ ਵਿਚ ਸਭ ਤੋਂ ਉੱਤੇ ਨਾਮ ਡਾ. ਮਹਿੰਦਰ ਸਿੰਘ ਰੰਧਾਵਾ ਦਾ ਆਉਂਦਾ ਹੈ। ਉਨ੍ਹਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਇਕ ਅਜਾਇਬ ਘਰ ਦੀ ਉਸਾਰੀ ਕਰਵਾਈ ਜਿਸ ਵਿਚ ਪੁਰਾਣੇ ਪੰਜਾਬ ਦੀ ਇਕ



ਝਲਕ ਦਿਖਾਉਣ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਪੰਜਾਬ ਦੇ ਲੋਕਗੀਤ ਇਕੱਠੇ ਕਰਵਾਏ, ਲੋਕ ਕਲਾਵਾਂ ਤੇ ਕਲਾਕਾਰਾਂ ਨੂੰ ਉਤਸ਼ਾਹਿਤ ਕੀਤਾ। ਪੰਜਾਬ ਦਾ ਮਾਣ ਚੂਪਣ ਵਾਲੇ ਅੰਬਾਂ ਦੀਆਂ ਕਿਸਮਾਂ ਇਕੱਠੀਆਂ ਕਰਕੇ ਇਨ੍ਹਾਂ ਨੂੰ ਅਲੋਪ ਹੋਣ ਤੋਂ ਬਚਾਇਆ। ਰਵਾਇਤੀ ਰੁੱਖਾਂ ਤੇ ਫਲਾਂ ਵਾਲੇ ਬੂਟਿਆਂ ਦੀ ਸੰਭਾਲ ਕੀਤੀ।

ਹੁਣ ਵੀ ਕਈ ਸਭਿਆਚਾਰ ਪ੍ਰੇਮੀ ਆਪੋ ਆਪਣੀ ਪੱਧਰ ਉੱਤੇ ਪੰਜਾਬ ਦੀ ਅਲੋਪ ਹੋਈ ਕਲਾ ਨੂੰ ਸੰਭਾਲਣ ਦਾ ਯਤਨ ਕਰ ਰਹੇ ਹਨ। ਇਨ੍ਹਾਂ ਵਿਚੋਂ ਇਕ ਹਨ ਡਾ. ਦਵਿੰਦਰ ਕੌਰ ਢੱਟ ਜਿਸ ਪੰਜਾਬ ਦੀ ਕਲਾ ਗੁੱਡੀਆਂ ਪਟੋਲੇ ਨੂੰ ਹੀ ਸੰਭਾਲਣ ਦਾ ਯਤਨ ਨਹੀਂ ਕੀਤਾ ਸਗੋਂ ਇਨ੍ਹਾਂ ਦੀ ਸਹਾਇਤਾ ਨਾਲ ਪੰਜਾਬ ਦੇ ਸਭਿਆਚਾਰ ਨੂੰ ਸਾਕਾਰ ਕਰਨ ਦਾ ਸਫਲ ਯਤਨ ਕੀਤਾ ਹੈ। ਬੀਤੇ ਸਮੇਂ ਮੋਬਾਈਲ, ਟੈਲੀਵੀਜ਼ਨ, ਇਥੋਂ ਤੱਕ ਕਿ ਘਰਾਂ ਵਿਚ





ਰੇਡੀਓ ਵੀ ਨਹੀਂ ਸੀ ਹੁੰਦੇ। ਬੱਚੇ ਆਪੇ ਵਿਚ ਖੇਡਦਿਆਂ ਵੱਡੇ ਹੁੰਦੇ ਹਨ। ਹੁਣ ਇਹ ਖੇਡਾਂ ਅਲੋਪ ਹੋ ਗਈਆਂ ਹਨ। ਇਹ ਖੇਡਾਂ ਜਿਥੇ ਸਾਨੂੰ ਆਪਣੇ ਰਸਮੋ ਰਿਵਾਜਾਂ ਨਾਲ ਜੋੜਦੀਆਂ ਸਨ ਉੱਥੇ ਰਲ ਬੈਠਣਾ, ਇਕ ਦੂਜੇ ਦੀ ਸਹਾਇਤਾ ਕਰਨੀ ਤੇ ਸਮਾਜਿਕ ਕਦਰਾਂ ਕੀਮਤਾਂ ਵੀ ਪਰਪੱਕ ਕਰਵਾਉਂਦੀਆਂ ਸਨ। ਹੁਣ ਤਾਂ ਬੱਚਿਆਂ ਦੇ ਹੱਥ ਮੋਬਾਈਲ ਹਨ ਜਿਸ ਕਾਰਨ ਉਹ ਆਪਣੇ ਸਭਿਆਚਾਰ ਤੋਂ ਹੀ ਦੂਰ ਨਹੀਂ ਹੋ ਰਹੇ ਸਗੋਂ ਆਪਣੇ ਮਾਪਿਆਂ ਤੋਂ ਵੀ ਦੂਰ ਹੋ ਰਹੇ ਹਨ। ਬਚਪਨ ਵਿਚ ਕੁੜੀਆਂ



ਬਹੁਤਾ ਸਮਾਂ ਗੁੱਡੀਆਂ ਪਟੋਲਿਆਂ ਨਾਲ ਖੇਡਦੀਆਂ ਸਨ। ਇਨ੍ਹਾਂ ਗੁੱਡੀਆਂ ਗੁੱਡਿਆਂ ਨੂੰ ਲੀਰਾਂ ਨਾਲ ਬਣਾ ਸੋਹਣੀਆਂ ਸੁੰਦਰ ਪੁਸ਼ਾਕਾਂ ਪਵਾਈਆਂ ਜਾਂਦੀਆਂ ਹਨ। ਉਹ ਗੁੱਡੇ ਗੁੱਡੀਆਂ ਦਾ ਵਿਆਹ ਰਚਾਉਂਦੀਆਂ ਗੀਤ ਗਾਉਂਦੀਆਂ ਤੇ ਹੋਰ ਰਸਮਾਂ ਕਰਦੀਆਂ ਜੀਵਨ ਜਾਂਚ ਤੇ ਘਰ ਪਰਿਵਾਰਾਂ ਬਾਰੇ ਜਾਣਕਾਰ ਬਣਦੀਆਂ ਸਨ। ਦਵਿੰਦਰ ਕੌਰ ਨੇ ਇਸ ਕਲਾਂ ਵਿਚ ਮੁਹਾਰਤ ਪ੍ਰਾਪਤ ਕੀਤੀ। ਉਸ ਦਾ ਆਖਣਾ ਹੈ ਕਿ ਮੇਰਾ ਬਚਪਨ ਗੁੱਡੀਆਂ ਨਾਲ ਖੇਡਦਿਆਂ ਬੀਤਿਆ। ਨਿੱਕੇ ਹੁੰਦਿਆਂ ਹੀ ਮੈਂ ਆਪਣੀ ਮਾਂ ਤੋਂ ਸੁੰਦਰ ਗੁੱਡੀਆਂ ਬਣਾਉਣੀਆਂ ਸਿੱਖ ਗਈ ਸੀ। ਮੇਰੇ ਇਸ ਸ਼ੌਕ ਨੂੰ ਵੇਖਦਿਆਂ ਮੇਰੇ ਮਾਪਿਆਂ ਕਾਲਜ ਵਿਚ ਮੈਨੂੰ ਫਾਈਨ ਆਰਟਸ ਦਾ ਵਿਸ਼ਾ ਲੈ ਦਿੱਤਾ। ਬੀ ਐੱਡ ਕਰਦਿਆਂ ਇੰਟੀਰੀਅਰ ਡੈਕੋਰੇਸ਼ਨ ਦੇ ਫਾਈਨਲ ਪੇਪਰ ਵਿਚ ਮੇਰੇ ਵੱਲੋਂ ਬਣਾਈਆਂ ਗੁੱਡੀਆਂ ਨੂੰ ਸਭ ਤੋਂ ਵੱਧ ਅੰਕ ਪ੍ਰਾਪਤ ਹੋਏ। ਪਟਿਆਲਾ ਲੜਕੀਆਂ ਦੇ ਸਰਕਾਰੀ ਕਾਲਜ ਵਿਚ ਫਾਈਨ ਆਰਟਸ ਅਤੇ ਫੋਕ ਆਰਟ ਅਤੇ ਕਲਚਰ ਦੀਆਂ ਦੋ ਮਾਸਟਰਜ਼ ਤੇ ਪੀਐਚ.ਡੀ. ਕਰਦਿਆਂ ਸ਼੍ਰੀਮਤੀ ਜੀ ਕੇ ਢਿੱਲੋਂ ਅਤੇ ਮੈਡਮ ਡੇਜ਼ੀ ਆਹਲੂਵਾਲੀਆ ਨੇ ਮੈਨੂੰ ਡੌਲ ਮੇਕਿੰਗ ਲਈ ਉਤਸ਼ਾਹਿਤ ਹੀ ਨਹੀਂ ਸਗੋਂ ਮੇਰੀਆਂ ਬਣਾਈਆਂ ਗੁੱਡੀਆਂ ਨੂੰ ਦੇਸ਼ ਭਰ ਵਿਚ ਮਕਬੂਲ ਵੀ ਕੀਤਾ। ਸਰਕਾਰੀ ਡੌਲ ਮੇਕਿੰਗ ਸੈਂਟਰ ਪਟਿਆਲਾ ਤੋਂ ਗੁੱਡੀਆਂ ਬਨਾਉਣ ਦਾ ਕੋਰਸ ਕਰਨ ਉਪਰੰਤ ਮੈਂ ਪੰਜਾਬੀ ਸਭਿਆਚਾਰ ਤੇ ਵਿਰਸੇ ਨਾਲ ਸੰਬੰਧਿਤ ਬਹੁਤ ਸਾਰੇ ਵਿਸ਼ਿਆਂ ਤੇ ਸਾਡੇ ਤਿੰਨ ਫੁੱਟ ਤੱਕ ਲੰਬੀਆਂ ਗੁੱਡੀਆਂ ਬਣਾਈਆਂ।

ਦਵਿੰਦਰ ਨੇ ਖੂਬਸੂਰਤ ਗੁੱਡੀਆਂ ਰਾਹੀਂ ਅਲੋਪ ਹੋਏ ਪੰਜਾਬੀ ਵਿਰਸੇ ਨੂੰ ਸੁਆਣੀਆਂ ਦੀ ਕਲਾ, ਲੋਕ ਨਾਚ, ਪ੍ਰੀਤ ਕਹਾਣੀਆਂ ਆਦਿ ਨੂੰ ਪੇਸ਼ ਕਰਨ ਦਾ ਸਫਲ ਯਤਨ ਕੀਤਾ ਹੈ। ਪੰਜਾਬ ਕਲਾ ਪਰਿਸ਼ਦ ਨੇ ਡਾ. ਦਵਿੰਦਰ ਕੌਰ ਢੱਟ ਨੇ ਆਪਣੀ ਕਲਾ ਬਣਾ ਕੇ ਇਨ੍ਹਾਂ ਗੁੱਡੀਆਂ ਪਟੋਲਿਆਂ ਦੇ ਪਰਿਵਾਰ ਨੂੰ ਆਪਣੇ ਨਾਲ ਨਾਲ ਰੱਖਿਆ ਤੇ ਇਨ੍ਹਾਂ ਰਾਹੀਂ ਉਸ ਪੰਜਾਬ ਨੂੰ ਵੀ ਨਾਲ ਰੱਖਿਆ ਜਿਹੜਾ ਅਸੀਂ ਆਪਣੇ ਬਚਪਨ ਤੇ ਚੜ੍ਹਦੀ ਜਵਾਨੀ ਵੇਲੇ ਦੇਖਿਆ ਸੀ। ਅਤੀਤ ਨੂੰ ਯਾਦ ਰੱਖਣਾ, ਵਰਤਮਾਨ ਵਿਚ ਜੀਣਾ ਤੇ ਭਵਿੱਖ ਲਈ ਸੁਪਨੇ ਸਿਰਜਣਾ ਹੀ ਇਨਸਾਨ ਹੋਣ ਦੀ ਨਿਸ਼ਾਨੀ ਹੈ। ਡਾ. ਦਵਿੰਦਰ ਕੌਰ ਢੱਟ ਨੇ ਆਪਣੀ ਲਗਨ, ਮਿਹਨਤ ਅਤੇ ਪ੍ਰਤਿਭਾ ਨਾਲ ਪੰਜਾਬੀ ਲੋਕ ਕਲਾ ਦੀ ਸੁੰਦਰਤਾ ਨੂੰ ਸੰਭਾਲਿਆ ਤੇ ਹੋਰ ਨਿਖਾਰਿਆ ਹੈ।

ਡਾ. ਨਿਰਮਲ ਜੌੜਾ ਅਨੁਸਾਰ ਲੀਰਾਂ ਦੀਆਂ ਗੁੱਡੀਆਂ ਬਣਾ ਕੇ ਮਨਪਸੰਦ ਦੇ ਨੈਣ ਨਕਸ਼ ਘੜ ਕੇ, ਮਨਪਸੰਦ ਦੇ ਪਹਿਰਾਵੇ ਨਾਲ ਸ਼ਿੰਗਾਰ ਕੇ, ਉਨ੍ਹਾਂ ਰਾਹੀਂ ਮਨ ਦੀ ਗੱਲ ਕਰਨਾ ਲੋਕ ਕਲਾ ਦੀ ਖੂਬਸੂਰਤ ਵੰਨਗੀ ਹੈ। ਇਸੇ ਤਰ੍ਹਾਂ ਲਖਵਿੰਦਰ ਜੌਹਲ ਦਾ ਮੰਨਣਾ ਹੈ ਕਿ ਔਰਤ ਮਨ ਦੀ ਬਾਲ ਅਵਸਥਾਵਾਂ ਨੂੰ ਸਾਕਾਰ ਕਰਦੀਆਂ ਅਦਭੁਤ ਕਲਾ ਕ੍ਰਿਤਾਂ ਹਨ-ਗੁੱਡੀਆਂ ਪਟੋਲੇ। ਇਨ੍ਹਾਂ ਰਾਹੀਂ ਸੂਖਮ ਭਾਵੀ ਔਰਤਾਂ ਆਪਣੇ ਵਲਵਲਿਆਂ ਨੂੰ ਆਕਾਰ ਦੇਂਦੀਆਂ ਹੋਈਆਂ ਆਪਣੇ ਸੁਪਨੇ ਸਜਾਉਂਦੀਆਂ ਹਨ, ਜਿਹੜੇ ਉਨ੍ਹਾਂ ਦੇ ਅੰਤਹ ਕਰਨ ਨੂੰ ਤ੍ਰਿਪਤ ਕਰਦੇ ਹਨ। ਦਵਿੰਦਰ ਕੌਰ ਖੁਸ਼ਕਿਸਮਤ ਹੈ ਕਿ ਆਪਣੀ ਇਸ ਕਲਾ ਨੂੰ ਉਜਾਗਰ ਕਰਨ ਵਿਚ ਉਸ ਦੇ ਪਰਿਵਾਰ ਵਲੋਂ ਪੂਰਾ ਸਹਿਯੋਗ ਪ੍ਰਾਪਤ ਹੋ ਰਿਹਾ ਹੈ। ਉਸ ਦੇ ਹਮਸਫਰ ਜਸਮੇਰ ਸਿੰਘ ਢੱਟ ਹੋਰਾਂ ਦੇ ਉਤਸ਼ਾਹਿਤ ਕਰਨ ਉੱਤੇ ਹੀ ਉਹ ਨਿੱਤ ਨਵੇਂ ਵਿਸ਼ਿਆਂ ਨੂੰ ਲੈ ਕੇ ਗੁੱਡੀਆਂ ਤਿਆਰ ਕਰ ਰਹੀ ਹੈ। ਇਸ ਜੋੜੇ ਵਲੋਂ ਵਿਸ਼ੇਸ਼ ਪ੍ਰਦਰਸ਼ਨੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ ਤਾਂ ਜੋ ਨਵੀਂ ਪੀੜ੍ਹੀ ਨੂੰ ਅਲੋਪ ਹੋ ਰਹੀ ਇਸ ਕਲਾ ਬਾਰੇ ਹੀ ਜਾਣਕਾਰੀ ਨਾ ਦਿੱਤੀ ਜਾਵੇ ਸਗੋਂ ਉਨ੍ਹਾਂ ਨੂੰ ਅਲੋਪ ਹੋ ਰਹੇ ਆਪਣੇ ਵਿਰਸੇ ਨਾਲ ਵੀ ਜੋੜਿਆ ਜਾ ਸਕੇ। ਪਿਛਲੇ ਦਿਨੀਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਲਗਾਈ ਉਨ੍ਹਾਂ ਦੀ ਪ੍ਰਦਰਸ਼ਨੀ ਨੂੰ ਦਰਸ਼ਕਾਂ ਦਾ ਭਰਪੂਰ ਹੁੰਗਾਰਾ ਮਿਲਿਆ ਅਤੇ ਲੋਕ ਮੰਗ ਉਤੇ ਇਸ ਦੇ ਸਮੇਂ ਵਿਚ ਵੀ ਵਾਧਾ ਕੀਤਾ ਗਿਆ। ਦਵਿੰਦਰ ਵਰਗੀਆਂ ਉਤਸਾਹੀ ਰੂਹਾਂ ਹੀ ਪੰਜਾਬੀ ਵਿਰਸੇ ਨੂੰ ਸੰਭਾਲਣ ਵਿਚ ਕੇਵਲ ਸਹਾਈ ਨਹੀਂ ਹੁੰਦੀਆਂ ਸਗੋਂ ਨਵੀਂ ਪੀੜ੍ਹੀ ਨੂੰ ਵਿਰਸੇ ਅਤੇ ਸਮਾਜਿਕ ਕਦਰਾਂ ਕੀਮਤਾਂ ਨਾਲ ਜੋੜਨ ਵਿਚ ਵੀ ਅਹਿਮ ਯੋਗਦਾਨ ਪਾਉਂਦੀਆਂ ਹਨ।

**ਡਾ. ਰਣਜੀਤ ਸਿੰਘ**

# ਗਰਮੀ ਵਿਚ ਤੰਦਰੁਸਤੀ ਲਈ ਖੁਰਾਕੀ ਖੁਰਾਕੀ ਨੁਕਤੇ

★ ਆਪਣੇ ਸਰੀਰ ਨੂੰ ਲੂਅ ਤੋਂ ਬਚਾਉਣ ਲਈ ਹਾਈਡਰੇਟ ਰੱਖਣਾ ਬਹੁਤ ਜ਼ਰੂਰੀ ਹੈ। ਇਸ ਲਈ ਥੋੜ੍ਹੀ-ਥੋੜ੍ਹੀ ਦੇਰ ਬਾਅਦ ਪਾਣੀ ਜ਼ਰੂਰ ਪੀਂਦੇ ਰਹੋ। ਸਫਰ ਜਾਂ ਘਰੋਂ ਬਾਹਰ ਜਾਣ ਵੇਲੇ ਆਪਣੇ ਨਾਲ ਸਾਫ-ਸੁੱਥਰੇ ਪਾਣੀ ਦੀ ਬੋਤਲ ਜ਼ਰੂਰ ਰੱਖੋ ।

★ ਸਰੀਰ ਵਿਚਲੇ ਇਲੈਕਟ੍ਰੋਲਾਈਟ ਨੂੰ ਸੰਤੁਲਿਤ ਰੱਖਣ ਲਈ ਰਿਵਾਇਤੀ ਅਤੇ ਮੌਸਮੀ ਫਲਾਂ ਤੋਂ ਬਣੇ ਪੇਅ ਪਦਾਰਥਾਂ ਦਾ ਸੇਵਣ ਕਰੋ । ਇਹ ਪਾਣੀ ਦੇ ਨਾਲ-ਨਾਲ ਸਰੀਰ ਨੂੰ ਵਿਟਾਮਿਨ ਖਣਿਜ ਪਦਾਰਥ ਤੇ ਐਂਟੀਆਕਸੀਡੈਂਟ ਪ੍ਰਦਾਨ ਕਰਦੇ ਹਨ ਅਤੇ ਸਰੀਰ ਦੀ ਇਮਿਊਨਿਟੀ (ਬੀਮਾਰੀਆਂ ਨਾਲ ਲੜ੍ਹਣ ਦੀ ਸ਼ਕਤੀ) ਵਧਾਉਂਦੇ ਹਨ । ਜਿਵੇਂ ਕਿ ਨਿੰਬੂ ਸ਼ਿਕੰਜਵੀ, ਨਿੰਬੂ ਸ੍ਰੂਕੈਸ਼, ਲੀਚੀ ਸ੍ਰੂਕੈਸ਼, ਅੰਬਾਂ ਦਾ ਸ੍ਰੂਕੈਸ਼, ਕੱਚੇ ਅੰਬਾਂ ਦਾ ਪੰਨਾ, ਆਲੂ ਬੁਖਾਰੇ ਦਾ ਪੰਚ, ਬੇਲ ਦਾ ਜੂਸ ਸ੍ਰੂਕੈਸ਼,



ਟਮਾਟਰ ਦਾ ਜੂਸ, ਗੰਨੇ ਦਾ ਜੂਸ, ਨਾਰੀਅਲ ਪਾਣੀ, ਸੰਦਲ, ਗੁਲਾਬ ਅਤੇ ਬ੍ਰਹਮੀ ਦਾ ਸ਼ਰਬਤ ਠੰਡਿਆਈ, ਜਲ-ਜੀਰਾ, ਸੱਤੂ, ਕੱਚੀ ਲੱਸੀ ਆਦਿ ।

★ ਕੁਦਰਤੀ ਰੰਗਾਂ ਨਾਲ ਭਰਪੂਰ ਤਾਜੇ ਅਤੇ ਸੁਆਦਲੇ ਮੌਸਮੀ ਫਲਾਂ ਅਤੇ ਸਬਜ਼ੀਆਂ ਨੂੰ ਰੋਜ਼ਾਨਾ ਆਪਣੀ ਖੁਰਾਕ ਦਾ ਹਿੱਸਾ ਬਣਾਓ। ਇਹਨਾਂ ਦਾ ਵੱਧ ਤੋਂ ਵੱਧ ਸੇਵਣ ਕਰੋ । ਜਿਵੇਂ ਕਿ ਤਰਬੂਜ਼, ਖਰਬੂਜ਼ਾ, ਆੜੂ, ਆਲੂ ਬੁਖਾਰਾ, ਅੰਬ, ਖੁਰਮਾਨੀ, ਫਾਲਸਾ, ਖੀਰਾ, ਟਮਾਟਰ, ਚੁੰਕਦਰ ਆਦਿ, ਇਹਨਾਂ ਨੂੰ ਧੋ ਕੇ ਅਤੇ ਕੱਟ ਕੇ ਖਾਣ ਦਾ ਆਨੰਦ ਮਾਣੋ ।

★ ਦਹੀਂ, ਦੁੱਧ ਤੋਂ ਤਿਆਰ ਹੋਇਆ ਖਮੀਰਾ ਭੋਜਨ ਹੈ । ਜਿਸ ਨੂੰ ਪ੍ਰੋਬਾਇਊਟਿਕ ਕਿਹਾ ਜਾਂਦਾ ਹੈ । ਇਸ ਵਿਚ ਪਾਏ ਜਾਣ ਵਾਲੇ ਬੀ-ਕੰਪਲੈਕਸ, ਖਣਿਜ ਪਦਾਰਥ ਅਤੇ ਬੈਕਟੀਰੀਆ ਜੋ ਕਿ ਅੰਤੜੀਆਂ ਲਈ ਲਾਭਕਾਰੀ ਹੁੰਦੇ ਹਨ ਅਤੇ ਸਰੀਰ ਨੂੰ ਤੰਦਰੁਸਤ ਅਤੇ ਚੁਸਤ-ਫੁਰਤ ਰੱਖਦੇ ਹਨ । ਦਹੀਂ ਨੂੰ ਮਿੱਠਾ ਜਾਂ ਨਮਕੀਨ ਰਾਇਤੇ ਦੀ ਤਰ੍ਹਾਂ ਵਰਤੋ । ਮਿੱਠੇ ਲਈ ਫਲਾਂ (ਅੰਬ/ਕੇਲਾ) ਦੀ ਵਰਤੋਂ ਕੀਤੀ ਜਾ ਸਕਦੀ ਹੈ ਤੇ ਮਿੱਠੇ ਲਈ ਸ਼ੱਕਰ ਦਾ ਪ੍ਰਯੋਗ ਕਰੋ । ਖੀਰਾ, ਘੀਆ, ਪਿਆਜ਼, ਟਮਾਟਰ, ਆਲੂ ਪਾ ਕੇ ਨਮਕੀਨ ਰਾਇਤਾ ਬਣਾਇਆ ਜਾ ਸਕਦਾ ਹੈ। ਦਹੀਂ ਵਿਚੋਂ ਪਾਣੀ ਨਿਚੋੜ ਕੇ ਇਸ ਵਿਚ ਮੌਸਮੀ ਫਲਾਂ ਨੂੰ ਮਿਲਾ ਕੇ ਫਰੂਟ-ਕ੍ਰੀਮ ਵੀ ਤਿਆਰ ਕੀਤੀ ਜਾ ਸਕਦਾ ਹੈ ।

★ ਲੱਸੀ ਨੂੰ ਰੋਜ਼ਾਨਾ ਆਪਣੀ ਖੁਰਾਕ ਦਾ ਹਿੱਸਾ ਬਣਾਉ । ਇਹ ਤਰਲ ਪਦਾਰਥ ਹੀ ਨਹੀਂ ਸਗੋਂ ਸਰੀਰ ਨੂੰ ਜ਼ਰੂਰੀ ਪੌਸ਼ਟਿਕ ਤੱਤ ਪ੍ਰਦਾਨ ਕਰਦੀ ਹੈ ।

★ ਦੁੱਧ ਸ਼ਾਕਾਹਾਰੀ ਖੁਰਾਕ ਵਿਚ ਵਧੀਆ ਕਿਸਮ ਦੀ ਪ੍ਰੋਟੀਨ ਦਾ ਸੋਮਾ ਹੈ । ਗਰਮੀ ਦੇ ਮੌਸਮ ਵਿਚ ਬੱਚਿਆਂ ਲਈ ਇਸਦੀ ਵਰਤੋਂ ਸ਼ੇਕ (ਅੰਬ/ਕੇਲਾ) ਚੌਲਾਂ ਦੀ ਖੀਰ, ਫਿਰਨੀ, ਘੀਏ ਦੀ ਖੀਰ, ਮਖਾਨਿਆਂ ਦੀ ਖੀਰ ਅਤੇ ਇਲਾਇਚੀ, ਬਦਾਮ, ਮਗਜ਼ ਆਦਿ ਪਾ ਕੇ ਠੰਡੇ ਦੇ ਰੂਪ ਵਿਚ ਕੀਤੀ ਜਾ ਸਕਦੀ ਹੈ । ਬੱਚਿਆਂ ਨੂੰ ਘਰ ਵਿਚ ਹੀ ਦੁੱਧ ਨੂੰ ਗਾੜ੍ਹਾ ਕਰ ਕੇ ਫਲਾਂ ਦਾ ਗੁੱਦਾ ਪਾ ਕੇ ਆਈਸ-ਕ੍ਰੀਮ ਬਣਾ ਕੇ ਦਿੱਤੀ ਜਾ ਸਕਦੀ ਹੈ ।

★ ਗੂੰਦ-ਕਤੀਰਾ ਸਿਰਫ ਗਰਮੀ ਤੋਂ ਹੀ ਰਾਹਤ ਨਹੀਂ ਦਿੰਦਾ ਸਗੋਂ ਇਸਦੇ ਰੇਸ਼ੇ ਸਿਹਤ ਲਈ ਲਾਹੇਵੰਦ ਹੁੰਦੇ ਹਨ ਇਸ ਨੂੰ 3-4 ਘੰਟੇ ਪਾਣੀ ਵਿਚ ਭਿਉਂ ਕੇ ਦੁੱਧ ਜਾਂ ਸਿਕੰਜਵੀ, ਵਿਚ ਪਾ ਕੇ ਪੀਤਾ ਜਾ ਸਕਦਾ ਹੈ ।

★ ਗਰਮੀ ਵਿਚ ਤਲੇ ਹੋਏ ਭੋਜਨਾਂ ਤੋਂ ਪ੍ਰਹੇਜ਼ ਕਰੋ ਅਤੇ ਘਰ ਵਿਚ ਬਣਿਆ ਹਲਕਾ-ਫੁਲਕਾ ਭੋਜਨ ਖਾਓ । ਕੋਸ਼ਿਸ਼ ਕਰੋ ਕਿ ਵਨ-ਮੀਲ ਡਿਸ਼ ਜਿਵੇਂ ਰਾਜਮਾ-ਚੌਲ, ਕੜੀ-ਚੌਲ, ਦਲੀਆ, ਖਿਚੜੀ-ਦਹੀਂ, ਮਿੱਸੀ ਰੋਟੀ-ਦਹੀਂ, ਦਾਲ-ਰੋਟੀ, ਦਾਲ-ਸਬਜ਼ੀ ਦਾ ਸੇਵਣ ਕੀਤਾ ਜਾਵੇ ।

★ ਗਰਮੀ ਵਿਚ ਖਮੀਰੇ ਅਤੇ ਪੁੰਗਰੇ ਭੋਜਨਾਂ ਦੀ ਜ਼ਿਆਦਾ ਤੋਂ ਜ਼ਿਆਦਾ ਵਰਤੋਂ ਕਰੋ ਜੋ ਕਿ ਹਲਕੇ-ਫੁਲਕੇ ਅਤੇ ਜਲਦੀ ਹਜ਼ਮ ਹੋ ਜਾਣ ਵਾਲੇ ਹੁੰਦੇ ਹਨ ਜਿਵੇਂ ਖਮੀਰੀ ਰੋਟੀ, ਦਹੀ-ਵੜੇ, ਪੁੰਗਰੀ ਦਾਲ ਦੀ ਚਾਟ/ਸਲਾਦ, ਰਾਇਤਾ ਆਦਿ ।

★ ਗਰਮੀ ਵਿਚ ਹਰੀ ਪੱਤੇਦਾਰ ਸਬਜ਼ੀਆਂ ਘੱਟ ਹੋਣ ਕਰਕੇ ਖੁਰਾਕ ਨੂੰ ਪੌਸ਼ਟਿਕ ਤੱਤ ਭਰਪੂਰ ਬਣਾਉਣ ਲਈ ਮਾਈਕ੍ਰੋਗਰੀਨਜ਼ ਦੀ ਵਰਤੋਂ ਕੀਤੀ ਜਾ ਸਕਦੀ ਹੈ ।

★ ਪੁਦੀਨੇ, ਧਨੀਏ, ਪਿਆਜ਼, ਟਮਾਟਰ, ਹਰੀ ਮਿਰਚਾਂ ਅਤੇ ਕੱਚੇ ਅੰਬਾਂ ਆਦਿ ਦੀ ਚਟਨੀ ਭੋਜਨ ਨੂੰ ਸੁਆਦਲਾ ਅਤੇ ਹਾਜ਼ਮੇਦਾਰ ਬਣਾਉਂਦੀ ਹੈ ।

★ ਸੰਤੁਲਿਤ ਖੁਰਾਕ ਹਰ ਮੌਸਮ ਵਿਚ ਬੀਮਾਰੀਆਂ ਤੋਂ ਬਚਾਉਂਦੀ ਹੈ । ਇਸਲਈ ਹਰ ਭੋਜਨ ਸਮੂਹ ਨੂੰ ਖੁਰਾਕ ਵਿਚ ਸ਼ਾਮਲ ਕਰੋ । ਖੁਰਾਕ ਵਿਚ ਵਿਭਿੰਨਤਾ ਹੀ ਚੰਗੀ ਸਿਹਤ ਦਾ ਰਾਜ਼ ਹੈ ।

★ ਸੰਤੁਲਿਤ ਖੁਰਾਕ ਦੇ ਨਾਲ-ਨਾਲ ਸਾਫ-ਸਫਾਈ ਦਾ ਧਿਆਨ ਵੀ ਜ਼ਰੂਰ ਰੱਖੋ। ਪਰਿਵਾਰ ਦੀ ਲੋੜ ਅਨੁਸਾਰ ਹੀ ਭੋਜਨ ਪਕਾਓ। ਬੇਹਾ ਭੋਜਨ ਖਾਣ ਤੋਂ ਪ੍ਰਹੇਜ ਕਰੋ । ਫਰਿਜ਼ ਵਿਚੋਂ ਕੱਢੀ ਦਾਲ-ਸਬਜ਼ੀ ਨੂੰ ਚੰਗੀ ਤਰ੍ਹਾਂ ਗਰਮ ਕਰਕੇ ਖਾਓ ।

**ਕਿਰਨ ਗਰੋਵਰ, ਭੋਜਨ ਅਤੇ ਪੋਸ਼ਣ ਵਿਭਾਗ (ਮੋ. 94173-76488)**

# ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਅਤੇ ਪਾਣੀ ਦੀ ਬੱਚਤ ਲਈ ਯਤਨਸ਼ੀਲ ਗੁਰਬਚਨ ਸਿੰਘ ਫਾਊਂਡੇਸ਼ਨ

**ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ ।**

ਕਣਕ ਦੀ ਵਾਢੀ ਪਿਛੋਂ ਉਨ੍ਹਾਂ ਵੱਟਾ ਉੱਤੇ ਹੀ ਮੂੰਗੀ ਬੀਜ ਦਿੱਤੀ ਗਈ । ਇੰਝ ਕੋਈ ਚਾਰ ਕੁਇੰਟਲ ਮੂੰਗੀ ਪ੍ਰਤੀ ਏਕੜ ਪ੍ਰਾਪਤ ਹੋਈ ਅਤੇ ਧਰਤੀ ਦੀ ਸਿਹਤ ਵਿਚ ਵੀ ਸੁਧਾਰ ਹੋਇਆ । ਝੋਨੇ ਦੀ ਬਿਜਾਈ ਤੋਂ ਪਹਿਲਾਂ ਖੇਤ ਦੀ ਵਹਾਈ ਕੀਤਿਆਂ ਗਲੀ ਹੋਈ ਪਰਾਲੀ ਅਤੇ ਮੂੰਗੀ ਦਾ ਲਾਣ ਧਰਤੀ ਵਿਚ ਰਲ ਜਾਂਦਾ ਹੈ । ਖੇਤ ਦੀ ਵਹਾਈ ਕੀਤੇ ਬਿਨਾਂ ਵੀ ਉਨ੍ਹਾਂ ਵੱਟਾਂ ਉੱਤੇ ਝੋਨਾ ਬੀਜਿਆ ਜਾ ਸਕਦਾ ਹੈ । ਇੰਝ ਪਾਣੀ ਦੀ ਹੀ ਬੱਚਤ ਨਹੀਂ ਹੋਵੇਗੀ ਸਗੋਂ ਪਰਾਲੀ ਦੀ ਸਮੱਸਿਆ ਵੀ ਹਲ ਹੋ ਜਾਵੇਗੀ । ਇਕੋ ਸਮੇਂ ਖੇਤ ਵਿਚੋਂ ਇਕ ਤੋਂ ਵੱਧ ਫਸਲਾਂ ਲੈਣ ਦੇ ਤਜਰਬੇ ਵੀ ਹੋ ਰਹੇ ਹਨ । ਜਿਵੇਂ ਮੱਕੀ ਵੱਟਾਂ ਉੱਤੇ ਅਤੇ ਸੋਇਆਬੀਨ ਨਾਲੀਆਂ ਵਿਚ ਬੀਜਿਆ ਜਾ ਸਕਦਾ ਹੈ । ਕਣਕ ਅਤੇ ਝੋਨੇ ਦੀ ਵੱਟਾਂ ਉਤੇ ਬਿਜਾਈ ਕਰਕੇ ਖੇਲਾਂ ਵਿਚ ਸਬਜ਼ੀਆਂ ਉਗਾਈਆਂ ਜਾ ਸਕਦੀਆਂ ਹਨ ।

ਇਸੇ ਤਰ੍ਹਾਂ ਫਲ ਅਤੇ ਸਬਜ਼ੀਆਂ ਦੀ ਰਲਵੀਂ ਖੇਤੀ ਦੇ ਵੀ ਸਫਲ ਤਜਰਬੇ ਹੋਏ ਹਨ। ਖੇਤਾਂ ਦੇ ਬੰਨ੍ਹਿਆਂ ਉੱਤੇ ਫਲਦਾਰ ਬੂਟੇ ਲਗਾਏ ਗਏ ਹਨ ਅਤੇ ਅੰਦਰ ਸਬਜ਼ੀਆਂ ਦੀ ਕਾਸ਼ਤ ਕੀਤੀ ਜਾ ਰਹੀ ਹੈ। ਹੁਣ ਫਲਾਂ ਅਤੇ ਸਬਜ਼ੀਆਂ ਨਾਲ ਘਰੇਗੀ ਲੋੜਾਂ ਹੀ ਪੂਰੀਆਂ ਨਹੀਂ ਹੁੰਦੀਆਂ ਸਗੋਂ ਮੰਡੀ ਲਈ ਵੀ ਵਾਧੂ ਉਪਜ ਹੋ ਰਹੀ ਹੈ। ਇੰਝ ਛੋਟੇ ਕਿਸਾਨ ਨੂੰ ਮਹਿੰਗੇ ਭਾਅ ਠੇਕੇ ਉੱਤੇ ਧਰਤੀ ਲੈਣ ਦੀ ਲੋੜ ਨਹੀਂ ਸਗੋਂ ਆਪਣੇ ਦੋ ਏਕੜ ਦੇ ਫਾਰਮ ਤੋਂ ਹੀ ਰੋਜ਼ਾਨਾ ਘਟੋ ਘਟ ਦੋ ਹਜ਼ਾਰ ਦੀ ਕਮਾਈ ਕਰ ਸਕਦਾ ਹੈ । ਇਸ ਨਾਲ ਟੱਬਰ ਤੇ ਸਾਰੇ ਮੈਂਬਰਾਂ ਨੂੰ ਖੇਤਾਂ ਵਿਚ ਕੰਮ ਕਰਨ ਦਾ ਮੌਕਾ ਮਿਲੇਗਾ। ਤਾਜੇ ਫੱਲ ਅਤੇ ਸਬਜ਼ੀਆਂ ਪੈਦਾ ਕਰਨ ਦਾ ਅਨੰਦ ਹੀ ਵਖਰਾ ਹੁੰਦਾ ਹੈ । ਇਸ ਦੇ ਨਾਲ ਹੀ ਖੁੰਬਾਂ ਦੀ ਕਾਸ਼ਤ ਅਤੇ ਸ਼ਹਿਦ ਦੀ ਮੱਖੀਆਂ ਵੀ ਪਾਲੀਆਂ ਜਾ ਸਕਦੀਆਂ ਹਨ ।

ਗੁਰਬਚਨ ਸਿੰਘ ਹੋਰਾਂ ਵਲੋਂ ਕੀਤੇ ਜਾ ਰਹੇ ਇਹ ਤਜਰਬੇ ਸਮੇਂ ਵੀ ਲੋੜ ਹਨ । ਸਰਕਾਰੀ ਨਿਯਮਾਂ ਦੀਆਂ ਬੰਧਸ਼ਾਂ ਵਿਚ ਇਹ ਜਿਹੜੀ ਖੋਜ ਨਹੀਂ ਕੀਤੀ ਜਾ ਸਕਦੀ ਸੀ ਉਹ ਹੁਣ ਕੀਤੀ ਜਾ ਸਕਦੀ ਹੈ। ਅਸਲ ਵਿਚ ਸੇਵਾ ਦਾ ਅਸਲ ਮੌਕਾ ਤਾਂ ਸੇਵਾ ਮੁਕਤੀ ਪਿਛੋਂ ਹੀ ਪ੍ਰਾਪਤ ਹੁੰਦਾ ਹੈ। ਇਸ ਦੇ ਨਾਲ ਹੀ ਕਿਸਾਨਾਂ ਲਈ ਪਰਖ ਕੀਤੀਆਂ ਕਿਸਮਾਂ ਦਾ ਬੀਜ ਵੀ ਪੈਦਾ ਕੀਤਾ ਜਾਂਦਾ ਹੈ। ਇਹ ਬੀਜ ਉਨ੍ਹਾਂ ਨੂੰ ਸਿਖਲਾਈ ਦੌਰਾਨ ਵੰਡਿਆ ਜਾਂਦਾ ਹੈ । ਬੀਜਾਂ ਤੋਂ ਇਲਾਵਾ ਕਿਸਾਨਾਂ ਲਈ ਵਧੀਆ ਕਿਸਮ ਦੇ ਫਲਦਾਰ ਬੂਟੇ ਵੀ ਤਿਆਰ ਕੀਤੇ ਜਾਂਦੇ ਹਨ ਤਾਂ ਜੋ ਉਹ ਖੋਜ ਕੇਂਦਰ ਵਿਚ ਫਲ ਦੇ ਰਹੇ ਬੂਟਿਆਂ ਨੂੰ ਵੇਖ ਅਜਿਹੇ ਰੁੱਖ ਆਪਣੇ ਖੇਤਾਂ ਵਿਚ ਵੀ ਲਗਾਉਣ ਲਈ ਉਤਸਾਹਿਤ ਹੋਣ। ਕੋਸ਼ਿਸ਼ ਇਹ ਕੀਤੀ ਜਾ ਰਹੀ ਹੈ ਕਿ ਖੋਜ ਕੇਂਦਰ ਵਿਚ ਘਟ ਤੋਂ



ਘਟ ਰਸਾਇਣਾਂ ਦੀ ਵਰਤੋਂ ਕੀਤੀ ਜਾਵੇ । ਇੰਝ ਇਥੋਂ ਦੇ ਉਤਪਾਦ ਜ਼ਹਿਰਾਂ ਦੇ ਅਸਰ ਤੋਂ ਮੁਕਤ ਹੁੰਦੇ ਹਨ । ਖੋਜ ਕੇਂਦਰ ਵਿਚ ਹੀ ਫਾਰਮ ਦੀ ਪੈਦਾਵਾਰ ਦਾ ਵਿਕਰੀ ਕੇਂਦਰ ਵੀ ਬਣਾਇਆ ਗਿਆ ਹੈ ਜਿੱਥੋਂ ਲੋਕ ਆਪਣੀ ਲੋੜ ਅਨੁਸਾਰ ਖਰੀਦਦਾਰੀ ਕਰਦੇ ਹਨ । ਇੰਝ ਵਿਕਰੀ ਦੀ ਵੀ ਕੋਈ ਸਮੱਸਿਆ ਨਹੀਂ ਹੈ । ਇਹ ਖੋਜ ਕੇਂਦਰ ਕਰਨਾਲ ਕੋਲ ਵਿਹੋਵਾ ਸੜਕ ਉੱਤੇ ਕਰਨਾਲ ਤੋਂ 14ਵੇਂ ਕਿਲੋਮੀਟਰ ਉਤੇ ਸਥਿਤ ਹੈ। ਇਸ ਇਲਾਕੇ ਵਿਚ ਇਹ ਕੇਂਦਰ ਚਰਚਾ ਦਾ ਵਿਸ਼ਾ ਬਣ ਗਿਆ ਹੈ। ਕੇਵਲ ਕਿਸਾਨ ਹੀ ਨਹੀਂ ਸਗੋਂ ਵਿਦਿਆਰਥੀ ਅਤੇ ਸ਼ਹਿਰੀ ਵੀ ਇਥੋਂ ਦਾ ਅਨੰਦ ਮਾਨਣ ਆ ਰਹੇ ਹਨ । ਦੇਸ਼ ਦੇ ਲਗਭਗ ਹਰੇਕ ਜ਼ਿਲ੍ਹੇ ਵਿਚ ਕ੍ਰਿਸ਼ੀ ਵਿਗਿਆਨ ਕੇਂਦਰ ਹਨ ਜਿਨ੍ਹਾਂ ਕੋਲ ਹੋਰ ਸਹੂਲਤਾਂ ਦੇ ਨਾਲੋ ਨਾਲ ਲਗਭਗ 25 ਏਕੜ ਦਾ ਫਾਰਮ ਵੀ ਹੈ। ਇਨ੍ਹਾਂ ਨੂੰ ਗੁਰਬਚਨ ਸਿੰਘ ਫਾਊਂਡੇਸ਼ਨ ਦੇ ਫਾਰਮ ਤੋਂ ਪ੍ਰੇਰਨਾ ਲੈਕੇ ਆਪਣੇ ਕੇਂਦਰਾਂ ਨੂੰ ਖੋਜ ਅਤੇ ਪ੍ਰਦਰਸ਼ਨ ਕੇਂਦਰ ਬਨਾਉਣਾ ਚਾਹੀਦਾ ਹੈ ਤਾਂ ਜੋ ਛੋਟੇ ਕਿਸਾਨਾਂ ਦੀ ਆਮਦਨ ਵਿਚ ਵਾਧਾ ਹੋ ਸਕੇ, ਧਰਤੀ ਹੇਠਲੇ ਪਾਣੀ ਦੀ ਬਚਤ ਹੋਵੇ ਅਤੇ ਵਾਤਾਵਰਣ ਦੀ ਸੰਭਾਲ ਵੀ ਸਕੇ ।

ਡਾ. ਗੁਰਬਚਨ ਸਿੰਘ ਸਿੰਘ ਹੋਰਾਂ ਦਾ ਜਨਮ ਸੰਗਰੂਰ ਜ਼ਿਲ੍ਹੇ ਦੇ ਪਿੰਡ ਭੈਣੀ ਮਾਰਾਜ ਵਿਖੇ 16 ਸਤੰਬਰ 1954 ਨੂੰ ਹੋਇਆ । ਭਾਵੇਂ ਮਾਪੇ ਅਨਪੜ੍ਹ ਸਨ ਪਰ ਉਨ੍ਹਾਂ ਨੇ ਆਪਣੇ ਪੁੱਤਰ ਨੂੰ ਪੜ੍ਹਨ ਲਈ ਉਤਸਾਹਿਤ ਕੀਤਾ । ਇਸ ਨੂੰ ਘਰ ਵਿਚ ਖੇਤੀ ਦੇ ਕੰਮ ਵੀ ਕਰਨੇ ਪੈਂਦੇ ਸਨ । ਪਿੰਡਾਂ ਦੇ ਸਕੂਲਾਂ ਵਿਚ ਪੜ੍ਹਾਈ ਕਰਕੇ ਉਨ੍ਹਾਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਤੋਂ 1975 ਵਿਚ ਬੀ ਐਸ ਸੀ (ਖੇਤੀ) ਤੇ ਇਥੋਂ ਹੀ ਪੀ.ਐਚ.ਡੀ ਦੀ ਪੜ੍ਹਾਈ 1988 ਵਿਚ ਪੂਰੀ ਕੀਤੀ। ਪੜ੍ਹਾਈ ਪੂਰੀ ਕਰਦਿਆਂ ਹੀ ਉਨ੍ਹਾਂ ਨੂੰ ਕਰਨਾਲ ਸਥਿਤ ਕੇਂਦਰੀ ਭੂਮੀ ਸੁਧਾਰ ਖੋਜ ਸੰਸਥਾ ਵਿਚ ਨੌਕਰੀ ਪ੍ਰਾਪਤ ਹੋ ਗਈ । ਇਥੇ 20 ਸਾਲ ਨੌਕਰੀ ਦੌਰਾਨ ਉਨ੍ਹਾਂ ਪਹਿਲੇ ਡੰਡੇ ਤੋਂ ਸ਼ੁਰੂ ਹੋ ਕੇ ਡਾਇਰੈਕਟਰ ਦੀ ਕੁਰਸੀ ਪ੍ਰਾਪਤ ਕੀਤੀ ਜਾ ਰਹੀ ਕਿਸਾਨ ਸੇਵਾ ਸਾਡੀ ਨਵੀਂ ਨਵੀਂ ਪੀੜ੍ਹੀ ਲਈ ਆਪਣੇ ਆਪ ਵਿਚ ਮਿਸਾਲ ਹੈ ।

**ਡਾ. ਰਣਜੀਤ ਸਿੰਘ**

# ਬਜ਼ੁਰਗ, ਛੱਪਰ, ਝੰਬੀ ਤੇ ਮਣਾ ਜ਼ਰੂਰੀ ਬਣਾਉਂਦੇ ਸਨ

**ਜਗਜੀਤ ਸਿੰਘ ਝੱਤਰਾ,**
**ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,**
**ਤਹਿ. ਜੀਰਾ, ਜ਼ਿਲਾ ਫਿਰੋਜ਼ਪੁਰ-152028**
**ਮੋ: 7814490249**

ਕੱਖਾਂ ਤੇ ਕਾਨਿਆਂ ਦੀ ਝੁੱਗੀ ਵਿਚ ਰਹਿਣ ਵਾਲਾ ਮਨੁੱਖ ਅਜ ਪਤਾਲਾਂ ਤੇ ਅਸਮਾਨਾਂ ਤੱਕ ਪਹੁੰਚ ਕਰ ਕੇ ਅਤੀਤ ਦਾ ਖਾਬ ਬਣਾ ਕੇ ਰੱਖ ਦਿੱਤਾ ਹੈ। ਪਰ ਬਾਬਿਆਂ ਦਾ ਮੋਹ ਕੱਖਾਂ ਕਾਨਿਆਂ ਦਾ ਬਹੁਤ ਜ਼ਿਆਦਾ ਸੀ । ਉਹ ਅਜਿਹੇ ਕੰਮ ਕਰਨ ਵੇਲੇ ਚਾਅ ਖੁਸ਼ੀ ਦੀ ਕੋਈ ਸੀਮਾਂ ਨਾ ਰਹਿੰਦੀ ਸੀ । ਛੱਪੜ ਝੁੱਗੀ ਫਿੜਮਾਂ ਮਣਾ, ਪਤਲ ਆਦਿ ਬਣਾਉਣਾ ਹੁੰਦਾ ਤਾਂ ਬਜ਼ੁਰਗ ਲੱਕ ਬੰਨ ਤਿਆਰ ਹੁੰਦੇ ਤੇ ਕੰਮ ਨੂੰ ਬੰਨ੍ਹੇ ਲਾਉਂਦੇ ਸਨ । ਉਹਨਾਂ ਦੇਰ ਉਹ ਸਾਹ ਨਾ ਲੈਂਦੇ ਸਨ । ਮੱਕੀ ਦੀ ਰਾਖੀ ਜਵਾਰ ਦੇ ਇੰਤਜ਼ਾਮ ਲਈ ਖੇਤ ਦੇ ਵਿਚਕਾਰ ਮਣਾਂ ਉਸਾਰ ਕੇ ਖੜ੍ਹਾ ਕਰ ਦਿੰਦੇ ਸਨ ਅਤੇ ਛੱਪਰ ਝੁਗੀ ਬਣਾ ਕੇ ਕਹਿੰਦੇ ਸਨ ਕਿ ਗਰਮੀਆਂ ਨੂੰ ਠੰਢਕ ਪਹੁੰਚਾਉਂਦੇ ਸਨ ਸਰਦੀਆਂ ਵਿਚ ਨਿੱਘ ਪ੍ਰਦਾਨ ਕਰਦੇ ਸਨ । ਇਹਨਾਂ ਵਸਤੂਆਂ ਦਾ ਇਕ ਵਿਲੱਖਣ ਨਜ਼ਾਰਾ ਹੁੰਦਾ ਸੀ। ਪਸ਼ੂਆਂ ਲਈ ਛੱਖੜ ਸਰਕੜੇ ਇਕ ਲਾਹੇਵੰਦ ਸਾਬਤ ਹੁੰਦਾ ਸੀ । ਇਹ ਝੜੀ ਲੱਗਣ ਤੇ ਚੋਂਦਾਂ ਵੀ ਘੱਟ ਸੀ । ਸਗੋਂ ਸਲਾਬ ਨਲ ਫੁੱਲ ਜਾਂਦਾ ਸੀ ਅਤੇ ਛੱਪਰ ਗਿੱਲਾ ਹੋ ਕੇਹੋਰ ਮਜ਼ਬੂਤ ਹੋ ਜਾਂਦਾ ਸੀ । ਗਰਮੀਆਂ ਵਿਚ ਇਸਨੂੰ ਠੰਢਾ ਗਿਣਿਆ ਜਾਂਦਾ ਸੀ। ਬੂਹੇ ਅੱਗੇ ਇਕ ਮਜ਼ਬੂਤ ਸਰਕੜੇ ਦਾ ਫਿੜਕਾ ਲਾ ਦਿਤਾ ਜਾਂਦਾ ਸੀ । ਬਾਬੇ ਪੂਰਾ ਪੂਰਾ ਛੱਪਰ ਦਾ ਖਿਆਲ ਰੱਖਦੇ ਸਨ ਕਿਤੇ ਕਮਜ਼ੋਰ ਤਾਂ ਨਹੀਂ ਹੁੰਦਾ ਜਾਂਦਾ ਉਸ ਦੀ ਮੁਰੰਮਤ ਕਰਨ ਨੂੰ ਤਤਪਰ ਰਹਿੰਦੇ ਸਨ, ਮਣੇ ਉੱਪਰ ਉਹ ਗੋਪੀਆ ਬਣਾ ਕੇ ਰੱਖਦੇ ਸਨ । ਛੋਟੀਆਂ ਛੋਟੀਆਂ ਗੋਲ ਮਿੱਟੀਆਂ ਦੀਆਂ ਗੁਲੇਲਿਆਂ ਦੇ ਰੂਪ ਵਿਚ ਗੋਲੀਆਂ ਜਿਹੀਆਂ ਵੱਟ ਲੈਂਦੇ ਸਨ । ਉਪਰ ਬੈਠ ਕੇ ਹੋਕਰਾ ਵੀ ਲਾਉਂਦੇ ਤੇ ਗੋਪੀਏ ਨਾਲ ਗੁਲੇਲਿਆਂ ਨਾਲ ਜਨੌਰ ਵੀ ਉਡਾਉਂਦੇ ਸਨ ਅਤੇ ਫਸਲ ਦੀ ਰਾਖੀ ਕਰਨ ਲਈ ਚਿੰਤਤ ਰਹਿੰਦੇ ਸਨ । ਪਰ ਅੱਜ ਨਾ ਕੋਈ ਫਸਲ ਦੀ ਰਾਖੀ ਕਰਦਾ ਹੈ ਨਾ ਕੋਈ ਇਸ ਬਾਰੇ ਫਿਕਰਮੰਦ ਹੈ। ਸਭ ਨੌਜਵਾਨ ਖੇਤੀ ਛੱਡ ਕੇ ਵਿਦੇਸ਼ੀ ਉਡਾਰੀ ਲਾ ਰਹੇ ਹਨ ਅਤੇ ਆਪਣੀ ਮਾਂ ਧਰਤੀ ਨੂੰ ਪਿੱਠ ਕੇ ਪਤਾ ਨਹੀਂ ਕਿਉਂ ਜਾ ਰਹੇ ਹਨ, ਕੁਦਰਤ ਜਾਨੇ ਅਜਿਹਾ ਕਿਉਂ ਹੈ ?



# ਪੰਜਾਬ ਵਿਚ ਖੇਤੀ ਦਾ ਧੁਰਾ ਹਨ ਪ੍ਰਵਾਸੀ ਖੇਤ ਮਜ਼ਦੂਰ

ਪੰਜਾਬ ਵਿਚ ਵੋਟਾਂ ਇਕ ਜੂਨ ਨੂੰ ਪੈਣਗੀਆਂ। ਇਹ ਲੋਕ ਸਭਾ ਦੀਆਂ ਚੋਣਾਂ ਦਾ ਆਖਰੀ ਪੜਾਅ ਹੈ। ਨਤੀਜੇ 4 ਜੂਨ ਨੂੰ ਐਲਾਨੇ ਜਾਣਗੇ। ਇਸ ਵੇਲੇ ਪ੍ਰਚਾਰ ਪੂਰੇ ਜ਼ੋਰਾਂ 'ਤੇ ਹੈ। ਭਾਵੇਂ ਪਹਿਲੀਆਂ ਚੋਣਾਂ ਦੇ ਮੁਕਾਬਲੇ ਇਹ ਕੁਝ ਮੱਠਾ ਹੈ, ਉਸ 'ਚ ਪ੍ਰਵਾਸੀ ਖੇਤ ਮਜ਼ਦੂਰ ਜੋ ਪਿੰਡਾਂ 'ਚ ਵਸ ਗਏ ਹਨ, ਵੀ ਹਿੱਸਾ ਲੈਂਦੇ ਹਨ। ਉਹ ਇਸ ਸੰਬੰਧੀ ਜ਼ਿਆਦਾ ਆਪਣੀ ਚਰਚਾ ਦਾ ਝੁਕਾਅ ਇਨ੍ਹਾਂ ਵਿਸ਼ਿਆਂ 'ਤੇ ਰੱਖਦੇ ਹਨ ਕਿ ਵੱਖ-ਵੱਖ ਪਾਰਟੀਆਂ ਦਾ ਮਨੋਰਥ ਪੱਤਰ ਕੀ ਹੈ ਅਤੇ ਉਸ 'ਚ ਕੀਤੇ ਵਾਅਦੇ ਕਿਸ ਹੱਦ ਤੱਕ ਪੂਰੇ ਹੋਣਗੇ ? ਪਿੱਛੇ ਇਨ੍ਹਾਂ ਸੰਬੰਧੀ ਕੀ ਸਥਿਤੀ ਰਹੀ ਹੈ। ਭਵਿੱਖ 'ਚ ਉਨ੍ਹਾਂ ਨੂੰ ਕਿੱਥੋਂ ਲਾਭ ਪ੍ਰਾਪਤ ਹੋਏਗਾ ?

ਸਬਜ਼-ਇਨਕਲਾਬ ਤੋਂ ਬਾਅਦ ਪ੍ਰਵਾਸੀ ਖੇਤ ਮਜ਼ਦੂਰ ਪੰਜਾਬ ਦੀ ਖੇਤੀ ਦਾ ਧੁਰਾ ਰਹੇ ਹਨ। ਝੋਨੇ ਦੀ ਸਾਰੀ ਦੀ ਸਾਰੀ ਲਵਾਈ ਤਕਰੀਬਨ ਇਨ੍ਹਾਂ ਕੀਤੀ ਜਾਂਦੀ ਰਹੀ ਹੈ ਅਤੇ ਕੰਬਾਈਨ ਹਾਰਵੈਸਟਰਾਂ ਦੀ ਗਿਣਤੀ ਵਧਣ ਤੱਕ ਕਣਕ ਦੀ ਵਾਢੀ ਵੀ ਲਗਭਗ ਇਨ੍ਹਾਂ 'ਤੇ ਹੀ ਆਧਾਰਿਤ ਰਹੀ ਹੈ। ਪੈਡੀ ਟਰਾਂਸਪਲਾਂਟਰ ਆਮ ਕਿਸਾਨਾਂ ਵਲੋਂ ਨਾ ਅਪਣਾਏ ਜਾਣ ਉਪਰੰਤ ਅਤੇ ਇਨ੍ਹਾਂ ਦੀ ਵਰਤੋਂ ਲਈ ਪਨੀਰੀ ਦੀ ਬਿਜਾਈ ਟਰੇਆਂ 'ਚ ਇਕ ਵਿਸ਼ੇਸ਼ ਢੰਗ ਨਾਲ ਕੀਤੇ ਜਾਣ ਦੀ ਲੋੜ ਨੂੰ ਮੁੱਖ ਰੱਖਦਿਆਂ ਝੋਨੇ ਦੀ ਲਵਾਈ ਲਈ ਪ੍ਰਵਾਸੀ ਖੇਤ ਮਜ਼ਦੂਰਾਂ ਦੀ ਆਮਦ ਦੀ ਕਿਸਾਨ ਬੜੀ ਤੱਤਪਰਤਾ ਨਾਲ ਉਡੀਕ ਕਰਦੇ ਹਨ। ਇਹ ਪ੍ਰਵਾਸੀ ਖੇਤੀ ਮਜ਼ਦੂਰ ਝੋਨਾ ਲਗਾਉਣ ਲਈ ਆਉਂਦੇ ਹਨ ਅਤੇ ਉਨ੍ਹਾਂ 'ਚੋਂ ਬਹੁਤੇ ਇਸ ਆਪਰੇਸ਼ਨ ਤੋਂ ਬਾਅਦ ਵਾਪਸ ਚਲੇ ਜਾਂਦੇ ਹਨ। ਕਿਸਾਨ ਤਾਂ ਪ੍ਰਵਾਸੀ ਖੇਤ ਮਜ਼ਦੂਰਾਂ ਨੂੰ ਰੇਲਵੇ ਸਟੇਸ਼ਨਾਂ 'ਤੇ ਜਾ ਕੇ ਏਜੰਟਾਂ ਨੂੰ ਉਨ੍ਹਾਂ ਦਾ ਕਮਿਸ਼ਨ ਦੇ ਕੇ ਆਪਣੇ ਖੇਤਾਂ 'ਚ ਸੱਦ ਕੇ ਲਿਆਉਂਦੇ ਹਨ, ਭਾਵੇਂ ਕੁਝ ਵੱਡੇ-ਵੱਡੇ ਕਿਸਾਨ ਤਾਂ ਉਹੀ ਖੇਤ ਮਜ਼ਦੂਰ ਜੋ ਪਹਿਲਾਂ ਉਨ੍ਹਾਂ ਦੇ ਖੇਤਾਂ 'ਚ ਝੋਨਾ ਲਗਾ ਕੇ ਜਾਂਦੇ ਰਹੇ ਹਨ ਅਤੇ ਲਵਾਈ ਦੇ ਦੌਰਾਨ ਉਨ੍ਹਾਂ ਦੇ ਖੇਤਾਂ 'ਚ ਆਬਾਦ ਰਹਿੰਦੇ ਹਨ, ਉਨ੍ਹਾਂ ਦੀ ਹੀ ਉਡੀਕ ਕਰਦੇ ਹਨ। ਉਨ੍ਹਾਂ ਨਾਲ ਉਹ ਟੈਲੀਫੋਨ 'ਤੇ ਤਾਲਮੇਲ ਰੱਖਦੇ ਹਨ। ਭਾਵੇਂ ਸਾਲ ਦਰ ਸਾਲ ਪ੍ਰਵਾਸੀ ਖੇਤ ਮਜ਼ਦੂਰਾਂ ਦੀ ਸਹੀ ਗਿਣਤੀ ਦਾ ਅਨੁਮਾਨ ਲਗਾਉਣਾ ਮੁਸ਼ਕਿਲ ਹੋਏਗਾ, ਪ੍ਰੰਤੂ ਵੱਖ-ਵੱਖ ਸਾਲਾਂ ਦੇ ਇਕ ਅਨੁਮਾਨ ਅਨੁਸਾਰ ਪੰਜ ਲੱਖ ਦੇ ਕਰੀਬ ਪ੍ਰਵਾਸੀ ਖੇਤ ਮਜ਼ਦੂਰ ਪੰਜਾਬ ਵਿਚ ਆਉਂਦੇ ਰਹੇ ਹਨ। ਇਨ੍ਹਾਂ ਦੀ ਗਿਣਤੀ ਪਿਛਲੇ ਕੁਝ ਸਾਲਾਂ ਤੋਂ ਘੱਟ ਗਈ ਵੀ ਨਜ਼ਰ ਆਉਂਦੀ ਹੈ।

ਉੱਤਰ ਪ੍ਰਦੇਸ਼ ਤੋਂ ਸ਼ੁਰੂ ਹੋ ਕੇ ਇਹ ਖੇਤ ਮਜ਼ਦੂਰ, ਬਿਹਾਰ, ਓਡੀਸ਼ਾ ਅਤੇ ਫੇਰ ਬਾਅਦ 'ਚ ਪਿਛਲੇ ਕਈ ਸਾਲਾਂ ਤੋਂ ਪੱਛਮੀ ਬੰਗਾਲ, ਨੇਪਾਲ, ਮੱਧ ਪ੍ਰਦੇਸ਼ ਅਤੇ ਝਾਰਖੰਡ, ਰਾਜਸਥਾਨ ਵਗੈਰਾ ਤੋਂ ਵੀ ਆਉਣੇ ਸ਼ੁਰੂ ਹੋਏ। ਉੱਤਰ ਪ੍ਰਦੇਸ਼ ਤੋਂ ਆਉਣ ਵਾਲੇ ਖੇਤ ਮਜ਼ਦੂਰ ਤਾਂ ਬਹੁਤੇ ਘਰਾਂ ਅਤੇ ਦੁਕਾਨਾਂ 'ਤੇ ਸਹਾਇਕ, ਫਲਾਂ 'ਤੇ ਸਬਜ਼ੀਆਂ ਦੇ ਵਿਕਰੇਤਾ ਅਤੇ ਰਿਕਸ਼ਾ ਚਾਲਕਾਂ ਦੇ ਤੌਰ 'ਤੇ ਹੋਰ ਕਿੱਤਿਆਂ 'ਚ ਵੀ ਆਬਾਦ ਹੋ ਗਏ। ਫਿਰ ਇਨ੍ਹਾਂ 'ਚੋਂ ਬਹੁਤਿਆਂ ਨੇ ਪੰਜਾਬ ਨੂੰ ਆਪਣਾ ਘਰ ਬਣਾ ਲਿਆ ਅਤੇ ਇੱਥੇ ਹੀ ਆਬਾਦ ਹੋ ਗਏ। ਪ੍ਰਵਾਸੀ ਖੇਤ ਮਜ਼ਦੂਰਾਂ ਲਈ ਸ਼ੁਰੂ-ਸ਼ੁਰੂ 'ਚ ਤਾਂ ਪੰਜਾਬ 'ਅਮਰੀਕਾ' ਬਣਿਆ ਰਿਹਾ ਅਤੇ ਉਹ ਇਸ ਨੂੰ ਸੈਰ ਸਪਾਟੇ ਦਾ ਕੇਂਦਰ ਮੰਨਦੇ ਰਹੇ। ਹੁਣ ਕਿਉਂਕਿ ਦੂਜੇ ਰਾਜਾਂ 'ਚ ਵਿਕਾਸ ਦੇ ਕੰਮ ਚੱਲਣ ਕਾਰਨ ਉਨ੍ਹਾਂ ਨੂੰ ਰੁਜ਼ਗਾਰ ਉੱਥੇ ਹੀ ਮਿਲ ਜਾਂਦਾ ਹੈ ਅਤੇ ਸਰਕਾਰ ਵਲੋਂ ਚਲਾਈਆਂ 'ਮਗਨਰੇਗਾ' ਅਤੇ ਘਰ ਮੁਹੱਈਆ ਕਰਨ ਦੀਆਂ ਸਕੀਮਾਂ ਆਦਿ ਸ਼ੁਰੂ ਕੀਤੇ ਜਾਣ ਉਪਰੰਤ ਇਨ੍ਹਾਂ ਦੀ ਆਮਦ ਘਟ ਗਈ ਹੈ। ਪੰਜਾਬ ਦੇ ਕਿਸਾਨ ਸੀਜ਼ਨ 'ਚ ਹੁਣ ਖੇਤ ਮਜ਼ਦੂਰਾਂ ਦੀ ਘਾਟ ਮਹਿਸੂਸ ਕਰਨ ਲੱਗ ਪਏ ਹਨ। ਪਿੰਡਾਂ 'ਚ ਦਿਹਾੜੀ 500 ਰੁਪਏ ਤੋਂ ਉੱਪਰ ਪਹੁੰਚ ਗਈ ਹੈ। ਪਹਿਲੇ ਸਾਲਾਂ 'ਚ ਉਸਾਰੀ ਦੇ ਕੰਮਾਂ 'ਚ ਲੱਗੇ ਮਜ਼ਦੂਰਾਂ ਦੀ ਦਿਹਾੜੀ ਖੇਤ ਮਜ਼ਦੂਰਾਂ ਨਾਲੋਂ ਵੱਧ ਹੁੰਦੀ ਸੀ, ਜੋ ਹੁਣ ਉਲਟ ਹੈ, ਲਗਭਗ ਇੱਕੋ ਜਿਹੀ ਤਾਂ ਹੈ ਹੀ। ਫਿਰ ਖੇਤ ਮਜ਼ਦੂਰ ਹੁਣ ਕੰਮ ਵੀ ਦਿਹਾੜੀ 'ਚ 8 ਘੰਟੇ ਤੋਂ ਵੱਧ ਨਹੀਂ ਕਰਦੇ। ਭਾਵੇਂ ਝੋਨਾ



ਭਗਵਾਨ ਦਾਸ

ਲਗਵਾਈ ਦਾ ਕੰਮ ਬਹੁਤਾ ਠੇਕੇ 'ਤੇ ਕੀਤਾ ਜਾਂਦਾ ਹੈ ਅਤੇ ਠੇਕੇ 'ਤੇ ਉਹ ਦਿਨ 'ਚ 14 ਘੰਟੇ ਲੱਗੇ ਰਹਿੰਦੇ ਹਨ ਅਤੇ ਪੰਜ ਮਜ਼ਦੂਰ ਇਕ ਦਿਨ 'ਚ ਇਕ ਕਿੱਲਾ ਝੋਨਾ ਲਗਾ ਦਿੰਦੇ ਹਨ, ਜਿਸ ਦੀ ਲਵਾਈ 4500 ਰੁਪਏ ਤੱਕ ਹੁੰਦੀ ਹੈ। ਪਿਛਲੀ ਸਦੀ 'ਚ ਤਾਂ ਪ੍ਰਵਾਸੀ ਖੇਤ ਮਜ਼ਦੂਰ ਦਿਹਾੜੀ 'ਤੇ ਵੀ ਕੰਮ ਕਰਦੇ ਸਨ ਅਤੇ 8 ਘੰਟੇ ਦੀ ਬੰਦਿਸ਼ ਦੀ ਸਥਿਤੀ ਨਹੀਂ ਸੀ। ਹੁਣ ਖੇਤੀ ਦਾ ਬਹੁਤਾ ਕੰਮ ਜਿਵੇਂ ਝੋਨੇ ਦੀ ਲਵਾਈ, ਕੀੜੇਮਾਰ ਦਵਾਈਆਂ ਦਾ ਛਿੜਕਾਅ, ਬਾਸਮਤੀ ਦੀ ਛੜਾਈ, ਤੂੜੀ ਦੇ ਕੁੱਪਾਂ ਦਾ ਬੰਨ੍ਹਣਾ ਅਤੇ ਭੰਡਾਰ ਕਰਨ ਲਈ ਕਣਕ ਨੂੰ ਬੋਰੀਆਂ 'ਚ ਭਰ ਕੇ ਗੁਦਾਮਾਂ 'ਚ ਰੱਖਣਾ ਆਦਿ ਜਿਹੇ ਕੰਮ ਠੇਕੇ 'ਤੇ ਹੋਣ ਲੱਗ ਪਏ ਹਨ, ਕਿਉਂਕਿ ਠੇਕੇ 'ਤੇ ਕੰਮ ਕਰਵਾਉਣਾ ਕਿਸਾਨਾਂ ਅਤੇ ਪ੍ਰਵਾਸੀ ਖੇਤ ਮਜ਼ਦੂਰਾਂ ਦੋਹਾਂ ਦੇ ਅਨੁਕੂਲ ਹੈ। ਕਿਸਾਨ ਵੀ ਠੇਕੇ 'ਤੇ ਕੰਮ ਕਰਵਾਉਣਾ ਚਾਹੁੰਦੇ ਹਨ, ਕਿਉਂਕਿ ਦਿਹਾੜੀ 'ਤੇ ਖੇਤ ਮਜ਼ਦੂਰ ਉਨ੍ਹਾਂ ਦੇ ਪੱਲੇ ਕੁਝ ਨਹੀਂ ਪਾਉਂਦੇ। ਉੱਧਰ ਖੇਤ ਮਜ਼ਦੂਰ ਠੇਕੇ 'ਤੇ ਕੰਮ ਕਰ ਕੇ ਦਿਹਾੜੀ ਨਾਲੋਂ ਵੱਧ ਕਮਾ ਲੈਂਦੇ ਹਨ।

ਪ੍ਰਵਾਸੀ ਖੇਤ ਮਜ਼ਦੂਰ ਅੱਜਕੱਲ੍ਹ ਪੰਜਾਬ 'ਚ ਖੇਤੀ ਕਰਨ ਲਈ ਬੜਾ ਅਹਿਮ ਰੋਲ ਅਦਾ ਕਰਦੇ ਹਨ। ਆਮ ਤੌਰ 'ਤੇ ਕਿਸਾਨ ਆਪ ਤਾਂ ਕੰਮ ਹੀ ਨਹੀਂ ਕਰਦੇ। ਉਹ ਧਰਨਿਆਂ ਜਾਂ ਹੋਰ ਸ਼ਹਿਰਾਂ 'ਚ ਆਉਣ-ਜਾਣ ਦੇ ਕੰਮਾਂ 'ਚ ਰੁੱਝੇ ਰਹਿੰਦੇ ਹਨ। ਉਨ੍ਹਾਂ ਦੇ ਨੌਜਵਾਨ ਲੜਕੇ ਤੇ ਟੱਬਰ ਦੇ ਮੈਂਬਰ ਵੀ ਹੁਣ ਆਪ ਖੇਤੀ ਦਾ ਕੰਮ ਨਹੀ ਕਰਦੇ। ਕਿਸਾਨਾਂ ਦੇ ਨੌਜਵਾਨ ਲੜਕੇ ਜਾਂ ਤਾਂ ਸ਼ਹਿਰਾਂ 'ਚ 'ਵਾਈਟ ਕਾਲਰ' ਧੰਦਿਆਂ 'ਚ ਹੀ ਲੱਗਣਾ ਚਾਹੁੰਦੇ ਹਨ, ਜਦੋਂ ਕਿ ਉਨ੍ਹਾਂ 'ਚੋਂ ਬਹੁਤੇ ਵਿਦੇਸ਼ਾਂ ਨੂੰ ਭੱਜਣ ਦੇ ਇਛੁੱਕ ਹਨ।

ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਜਾਂ ਗਹਿਣੇ ਰੱਖ ਕੇ ਆਪਣੇ ਨੌਜਵਾਨ ਮੁੰਡਿਆਂ ਨੂੰ ਵਿਦੇਸ਼ ਭੇਜ ਰਹੇ ਹਨ। ਇਸ ਉਮੀਦ 'ਚ ਕਿ ਉਨ੍ਹਾਂ ਦਾ ਲੜਕਾ ਵਿਦੇਸ਼ ਜਾ ਕੇ, ਜਿੱਥੇ ਮੋਟੀ ਕਮਾਈ ਹੈ, ਉੱਥੋਂ ਮਾਲੀ ਸਹਾਇਤ ਭੇਜੇਗਾ। ਜਦੋਂ ਉਨ੍ਹਾਂ 'ਚੋਂ ਬਹੁਤੇ ਕਿਸਾਨਾਂ ਨੂੰ ਟਰੈਵਲ ਏਜੰਟਾਂ ਦੀ ਠੱਗੀ ਦੇ ਸਾਹਮਣੇ ਆਉਣ ਨਾਲ ਆਪਣੇ ਲੜਕਿਆਂ ਦਾ ਜੀਵਨ ਤਬਾਹ ਹੋਣ ਦੀਆਂ ਖਬਰਾਂ ਮਿਲਦੀਆਂ ਹਨ ਤਾਂ ਉਹ ਮਾਯੂਸੀ 'ਚ ਡੁੱਬ ਜਾਂਦੇ ਹਨ ਅਤੇ ਆਪਣੇ-ਆਪ ਨੂੰ ਇਕ ਨਵੀਂ ਮੁਸੀਬਤ 'ਚ ਫਸਿਆ ਮਹਿਸੂਸ ਕਰਦੇ ਹਨ।

ਜੋ ਪ੍ਰਵਾਸੀ ਖੇਤ ਮਜ਼ਦੂਰ ਪਿੰਡਾਂ ਜਾਂ ਸ਼ਹਿਰਾਂ 'ਚ ਵਸ ਗਏ ਹਨ ਅਤੇ ਉਨ੍ਹਾਂ ਨੇ ਇੱਥੇ ਆਪਣੀਆਂ ਵੋਟਾਂ ਬਣਵਾ ਲਈਆਂ ਹਨ, ਉਨ੍ਹਾਂ ਨੇ ਪੰਚਾਇਤਾਂ ਅਤੇ ਸਥਾਨਕ ਸੰਸਥਾਵਾਂ ਦੀਆਂ ਚੋਣਾਂ 'ਚ ਵੀ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ। ਇੱਥੇ ਤੱਕ ਕਿ ਜਿੱਥੇ ਉਨ੍ਹਾਂ ਦੀ ਆਬਾਦੀ ਹੋ ਗਈ ਹੈ ਆਪਣੇ ਪ੍ਰਤੀਨਿਧੀਆਂ ਨੂੰ ਵੀ ਚੋਣਾਂ 'ਚ ਖੜ੍ਹਾ ਕਰਨ ਦਾ ਉਪਰਾਲਾ ਕਰਦੇ ਹਨ। ਬਹੁਤੇ ਪ੍ਰਵਾਸੀ ਸ਼ਹਿਰਾਂ 'ਚ ਉਦਯੋਗ ਅਤੇ ਕਾਰਖਾਨਿਆਂ 'ਚ ਵੀ ਕੰਮ ਕਰ ਰਹੇ ਹਨ। ਇੱਥੇ ਵੀ ਇਨ੍ਹਾਂ ਨੇ ਆਪਣੀ ਅਹਿਮੀਅਤ ਬਣਾ ਲਈ ਹੈ ਅਤੇ ਬਣਾ ਲਈ ਹੈ ਅਤੇ ਉਦਯੋਗ ਪਤੀਆਂ ਨੂੰ ਬਹੁਤ ਹਾਲਤਾਂ 'ਚ ਇਨ੍ਹਾਂ ਦਾ ਬਦਲ ਉਪਲਬਧ ਨਹੀਂ ਹੁੰਦਾ। ਇਹ ਆਪਣੀ ਦਿਹਾੜੀ ਦੇ ਨਾਲ ਹੋਰ ਸਹੂਲਤਾਂ ਵੀ ਕਾਨੂੰਨ ਅਨੁਸਾਰ ਲੈਣ 'ਚ ਹੌਲੀ-ਹੌਲੀ ਸਫਲ ਹੁੰਦੇ ਜਾ ਰਹੇ ਹਨ। ਸ਼ਹਿਰਾਂ 'ਚ ਇਨ੍ਹਾਂ ਨੇ ਆਪਣੀਆਂ ਕਾਲੋਨੀਆਂ ਬਣਾ ਕੇ ਨਗਰ ਨਿਗਮਾਂ ਲਈ ਸਾਫ-ਸਫਾਈ, ਪਾਣੀ, ਮੈਡੀਕਲ ਅਤੇ ਹੋਰ ਸਹੂਲਤਾਂ ਆਦਿ ਮੁਹੱਈਆ ਕਰਨ ਦੀ ਸਮੱਸਿਆ ਸਾਹਮਣੇ ਲਿਆਂਦੀ ਹੈ।

ਪ੍ਰਵਾਸੀ ਖੇਤ ਮਜ਼ਦੂਰਾਂ ਦੀ ਪੰਜਾਬ 'ਚ ਆਮਦ ਜਾਂ ਵਸਣ ਸੰਬੰਧੀ ਕੋਈ ਰਜਿਸਟ੍ਰੇਸ਼ਨ ਨਹੀਂ। ਇਨ੍ਹਾਂ 'ਚੋਂ ਕਈ ਜੁਰਮ ਕਰ ਕੇ ਵੀ ਭੱਜ ਜਾਂਦੇ ਹਨ। ਪਿੰਡਾਂ 'ਚ ਜਿੱਥੇ ਕਿਸਾਨਾਂ ਤੋਂ ਪੇਸ਼ਗੀ ਲੈ ਕੇ ਪ੍ਰਵਾਸੀ ਖੇਤ ਮਜ਼ਦੂਰਾਂ ਦੇ ਭੱਜਣ ਦੀਆਂ ਮਿਸਾਲਾਂ ਵੀ ਸਾਹਮਣੇ ਆਉਂਦੀਆਂ ਹਨ, ਉੱਥੇ ਸ਼ਹਿਰਾਂ 'ਚ ਘਰਾਂ ਤੇ ਦੁਕਾਨਾਂ 'ਤੇ ਇਨ੍ਹਾਂ ਵਲੋਂ ਕਈ ਜੁਰਮ ਹੋਣ ਦੇ ਕਿੱਸੇ ਦੀ ਰੋਜ਼ ਅਖਬਾਰਾਂ 'ਚ ਪੜ੍ਹੇ ਜਾਂਦੇ ਹਨ।

ਸਾਲ ਭਰ ਝੋਨੇ ਦੀ ਲਵਾਈ ਤੋਂ ਇਲਾਵਾ ਖੇਤੀ ਦੇ ਹੋਰ ਵੀ ਕੰਮ ਚਲਦੇ ਹਨ, ਜਿਸ ਕਾਰਨ ਕੁਝ ਹੱਦ ਤੱਕ ਫਸਲੀ ਵਿਭਿੰਨਤਾ ਆਉਣ ਕਾਰਨ ਸਾਰਾ ਸਾਲ ਵੀ ਕਿਸਾਨਾਂ ਨੂੰ ਖੇਤ ਮਜ਼ਦੂਰ ਤਾਂ ਉਪਲਬਧ ਹੀ ਨਹੀਂ ਹਨ। ਜੇ ਛੋਟੀਆਂ ਸ਼੍ਰੇਣੀਆਂ ਅਤੇ ਵਰਗਾਂ 'ਚੋਂ ਖੇਤ ਮਜ਼ਦੂਰ ਮਿਲਦੇ ਵੀ ਹਨ ਤਾਂ ਉਨ੍ਹਾਂ ਦੀ ਦਿਹਾੜੀ ਅਤੇ ਮੰਗਾਂ ਬਹੁਤ ਜ਼ਿਆਦਾ ਹਨ। ਜੋ ਆਮ ਕਿਸਾਨ ਬਰਦਾਸ਼ਤ ਨਹੀਂ ਕਰ ਸਕਦਾ।

# ਜੰਮਿਆ ਸ਼ਹਿਦ ਕੁਦਰਤ ਦਾ ਤੋਹਫਾ

ਸ਼ਹਿਦ ਦਾ ਸਰਦੀਆਂ ਵਿਚ ਇਕਸਾਰ ਜੰਮਣ ਦਾ ਮਤਲਬ ਹੁੰਦਾ ਹੈ ਕਿ ਇਸ ਵਿਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਨਹੀਂ ਕੀਤੀ ਗਈ, ਅਜਿਹੇ ਜੰਮੇ ਹੋਏ ਦਾਣੇਦਾਰ ਸ਼ਹਿਦ ਨੂੰ ''ਕ੍ਰੀਮ ਹਨੀ'' ਵੀ ਕਿਹਾ ਜਾਂਦਾ ਹੈ। ਪਰ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਸਾਰੇ ਕਿਸਮਾਂ ਦੇ ਫੁੱਲਾਂ ਦੇ ਸ਼ਹਿਦ ਨਹੀਂ ਜੰਮਦੇ, ਕਿਉਂਕਿ ਸ਼ਹਿਦ ਦੇ ਜੰਮਣ ਪਿੱਛੇ ਹੇਠ ਲਿਖੇ ਕਾਰਨ ਭੂਮਿਕਾ ਨਿਭਾਉਂਦੇ ਹਨ :

**ਸ਼ਹਿਦ ਵਿਚ ਗੁਲੂਕੋਜ਼ ਵੀ ਵੱਧ ਮਾਤਰਾ** : ਸ਼ਹਿਦ ਵਿਚ ਮੁੱਖ ਤੌਰ ਤੇ ਗੁਲੂਕੋਜ਼ ਅਤੇ ਫਰਕਟੋਜ਼ ਨਾਮ ਦੀਆਂ ਖੰਡਾਂ ਦਾ ਮਿਸ਼ਰਣ ਹੁੰਦਾ ਹੈ। ਜਿਹੜੇ ਸ਼ਹਿਦ ਵਿਚ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ ਵੱਧ ਹੁੰਦਾ ਹੈ (ਯਾਨੀ 2.1 ਤੋਂ ਵੱਧ), ਉਹ ਵੱਧ ਜੰਮਦਾ ਹੈ। ਸਰਲ ਭਾਸ਼ਾ ਵਿਚ ਕਹੀਏ ਤਾਂ ਜਿਹੜੇ ਸ਼ਹਿਦ ਵਿਚ ਗੁਲੂਕੋਜ਼ ਵੱਧ ਮਾਤਰਾ ਵਿਚ ਹੋਵੇਗਾ ਉਹ ਵੱਧ ਜੰਮੇਗਾ, ਜਦ ਕਿ ਜਿਹੜੇ ਸ਼ਹਿਦ ਵਿਚ ਇਹ ਗੁਲੂਕੋਜ਼ ਅਤੇ ਪਾਣੀ ਦਾ ਅਨੁਪਾਤ 1.8 ਤੋਂ ਘੱਟ ਹੁੰਦਾ ਹੈ, ਉਸਦੇ ਤਰਲ ਰਹਿਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਸ਼ਹਿਦ ਵਿਚਲੇ ਪਾਣੀ ਦੀ ਮਾਤਰਾ ਜੇ ਘੱਟ ਹੋਵੇ ਤਾਂ ਵੀ ਉਹਦੇ ਜੰਮਣ ਦੀ ਸੰਭਾਵਨਾ ਵੱਧ ਜਾਂਦੀ ਹੈ, ਕਿਉਂਕਿ ਉਸ ਸ਼ਹਿਦ ਵਿਚ ਮੌਜੂਦ ਖੰਡ ਨੂੰ ਤਰਲ ਰੂਪ ਵਿਚ ਰੱਖਣ ਲਈ ਪਾਣੀ ਘੱਟ ਉਪਲੱਬਧ ਹੁੰਦਾ ਹੈ। ਜਦੋਂ ਕੋਈ ਸ਼ਹਿਦ ਪੁਰਾਣਾ ਹੁੰਦਾ ਜਾਂਦਾ ਹੈ, ਤਾਂ ਉਸ ਵਿਚ ਪਾਣੀ ਦੀ ਮਾਤਰਾ ਘੱਟ ਸਕਦੀ ਹੈ, ਜਿਸ ਕਰਕੇ ਉਹ ਜ਼ਿਆਦਾ ਜੰਮਦਾ ਹੈ।



**ਸ਼ਹਿਦ ਵਿਚ ਪਰਾਗ ਅਤੇ ਹੋਰ ਕਣਾਂ ਦੀ ਮੌਜੂਦਗੀ** : ਸ਼ਹਿਦ ਵਿਚ ਮੌਜੂਦ ਪਰਾਗ, ਪ੍ਰੋਪੋਲਿਸ ਅਤੇ ਮੋਮ ਵਰਗੇ ਕਣ ਸ਼ਹਿਦ ਦੇ ਦਾਣੇਦਾਰ ਹੋਣ ਵੇਲੇ ਇਕ ਨਿਊਕਲਿਸ (ਕੇਂਦਰ ਬਿੰਦੂ) ਦਾ ਕੰਮ ਕਰਦੇ ਹਨ ਅਤੇ ਉਸ ਸ਼ਹਿਦ ਵਿਚ ਮੌਜੂਦ ਖੰਡ ਦੇ ਅਣੂ ਇਹਨਾਂ ਕਣਾਂ ਦੇ ਨਾਲ ਜੁੜ ਕੇ ਦਾਣੇਦਾਰ ਹੋਣ ਦੀ ਪ੍ਰਕਿਰਿਆ ਨੂੰ ਸ਼ੁਰੂ ਕਰਦੇ ਹਨ। ਪਰ ਨਾਲ ਹੀ ਇਹ ਪਰਾਗ ਦੇ ਕਣ ਸ਼ਹਿਦ ਨੂੰ ਉਸਦੇ ਕਈ ਔਸ਼ਧੀ ਦੇ ਗੁਣ ਵੀ ਪ੍ਰਦਾਨ ਕਰਦੇ ਹਨ। ਇਸ ਲਈ ਜਿਸ ਸ਼ਹਿਦ ਵਿਚ ਇਹ ਪਰਾਗ ਆਦਿ ਦੇ ਕਣ ਜ਼ਿਆਦਾ ਹੋਣਗੇ ਉਸ ਸ਼ਹਿਦ ਦੇ ਜੰਮਣ ਦੀ ਸੰਭਾਵਨਾ ਤਾਂ ਜ਼ਿਆਦਾ ਹੋਵੇਗੀ ਹੀ, ਬਲਕਿ ਉਹ ਸ਼ਹਿਦ ਸਿਹਤ ਲਈ ਫਾਇਦੇਮੰਦ ਵੀ ਜ਼ਿਆਦਾ ਹੋਵੇਗਾ।

**ਤਾਪਮਾਨ** : ਸ਼ਹਿਦ ਨੂੰ ਸਟੋਰ ਕਰਨ ਦੇ ਤਾਪਮਾਨ ਵਿਚ ਬਦਲਾਅ ਨਾਲ ਸ਼ਹਿਦ ਦੇ ਜੰਮਣ ਦੀ ਪ੍ਰਕਿਰਿਆ ਵੱਧ ਜਾਂ ਘੱਟ ਸਕਦੀ ਹੈ। ਘੱਟ ਤਾਪਮਾਨ (14 ਡਿਗਰੀ ਸੈਂਟੀਗ੍ਰੇਡ ਤੋਂ ਘੱਟ) ਨਾਲ ਸ਼ਹਿਦ ਦੀ ਸੰਭਾਵਨਾ ਵੱਧ ਜਾਂਦੀ ਹੈ, ਜਦਕਿ ਵੱਧ ਤਾਪਮਾਨ ਤੇ ਸ਼ਹਿਦ ਤਰਲ ਰੂਪ ਵਿਚ ਹੀ ਰਹਿੰਦਾ ਹੈ। ਇਸ ਲਈ ਜੇਕਰ ਸ਼ਹਿਦ ਨੂੰ ਫਰਿਜ ਵਰਗੇ ਠੰਡੇ ਵਾਤਾਵਰਣ ਵਿਚ ਸਟੋਰ ਕੀਤਾ ਜਾਂਦਾ ਹੈ ਤਾਂ ਉਹਦਾ ਜੰਮਣਾ ਤੇਜ਼ ਹੋ ਜਾਂਦਾ ਹੈ, ਅਤੇ ਜੇਕਰ ਗਰਮ ਵਾਤਾਵਰਣ ਵਿਚ ਸਟੋਰ ਕੀਤਾ ਜਾਵੇ ਤਾਂ ਇਹ ਪ੍ਰਕਿਰਿਆ ਹੌਲੀ ਹੋ ਜਾਂਦੀ ਹੈ।

**ਫੁੱਲ-ਫਲਾਕੇ ਦੀ ਕਿਸਮ** : ਸ਼ਹਿਦ ਤਿਆਰ ਕਰਨ ਲਈ ਜਿਹੜੇ ਫੁੱਲਾਂ ਦਾ ਨੈਕਟਰ ਮਧੂ ਮੱਖੀਆਂ ਇਕੱਠਾ ਕਰਕੇ ਲਿਆਉਂਦੀਆਂ ਹਨ, ਉਹਨਾਂ ਦੀ ਪ੍ਰਜਾਤੀ/ਕਿਸਮ ਵੀ ਸ਼ਹਿਦ ਦੇ ਠੋਸ ਹੋਣ ਦੀ ਸੰਭਾਵਨਾ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ।

**ਹਰਦੀਪ ਸਿੰਘ ਸਭਿਖੀ ਅਤੇ ਗੁਰਉਪਦੇਸ਼ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ**
(ਮੋ. 81468-60099)

# ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਸੁਰਿੰਦਰਪਾਲ ਸਿੰਘ ਦੇ ਹੁਕਮਾਂ ਤੇ ਕਿਸਾਨ ਖੇਤੀ ਟੂਰ ਬਲਾਕ ਕਾਹਨੂੰਵਾਨ ਦੇ ਕਿਸਾਨਾਂ ਦਾ ਭਗਤ ਪੂਰਨ ਸਿੰਘ ਪਿੰਗਲਵਾੜੇ ਵਾਲਿਆਂ ਦੇ ਕੁਦਰਤੀ ਖੇਤੀ ਫਾਰਮ ਧੀਰੇ ਕੋਟ ਵਿਖੇ ਲਗਾਇਆ

## ਜ਼ੀਰੋ ਬਜਟ ਖੇਤੀ ਮਾਡਲ, ਦੇਸੀ ਗਾਵਾਂ ਦੇ ਫਾਰਮ, ਖੇਤੀ ਖਰਚ ਘਟਾਉਣ ਤੇ ਵਧੇਰੇ ਫਸਲਾਂ ਲਗਾਉਣ, ਇੰਟਰਕਰੋਪਿੰਗ, ਸੋਲਰ ਪ੍ਰੋਜੈਕਟ, ਦੇਸੀ ਸਪਰੇਅ ਘੋਲ ਤੇ ਸਿੰਘ ਨਰਸਰੀ ਜੰਡਿਆਲਾ ਗੁਰੂ ਰਹੇ ਖਿੱਚ ਦਾ ਕੇਂਦਰ

**ਕਮਲਇੰਦਰਜੀਤ ਸਿੰਘ ਬਾਜਵਾ, ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ-ਗੁਰਦਾਸਪੁਰ-98150-82401**

ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਸੁਰਿੰਦਰਪਾਲ ਸਿੰਘ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਬਲਾਕ ਕਾਹਨੂੰਵਾਨ ਦੇ ਕਿਸਾਨ ਭਰਾਵਾਂ ਦਾ ਕਿਸਾਨ ਖੇਤੀ ਟੂਰ ਜ਼ਹਿਰ ਮੁਕਤ ਤੇ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਦੇ ਮੰਤਵ ਨਾਲ ਕੁਦਰਤੀ ਖੇਤੀ ਦੇ ਫਾਰਮ ਧੀਰੇ ਕੋਟ, ਜੰਡਿਆਲਾ ਗੁਰੂ ਅੰਮ੍ਰਿਤਸਰ ਵਿਖੇ ਲਗਾਇਆ । ਇਹ ਖੇਤੀ ਟੂਰ ਵਿਚ ਬਲਾਕ ਕਾਹਨੂੰਵਾਨ ਦੇਅੱਗ ਮੁਕਤ ਜ਼ਹਿਰ ਮੁਕਤ ਤੇ ਖੇਤੀ ਵਿਭਿੰਨਤਾ ਅਤੇ ਫੂਡ ਪ੍ਰੋਸੈਸਿੰਗ ਵਾਲੇ ਕਿਸਾਨ ਭਰਾਵਾਂ ਵੱਲੋਂ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਗਈ । ਧੀਰੇ ਕੋਟ ਫਾਰਮ ਦੇ ਇੰਚਾਰਜ ਮਾਸਟਰ ਰਾਜਬੀਰ ਸਿੰਘ ਨੇ ਕਿਸਾਨ ਭਰਾਵਾਂ ਨੂੰ ਇਕੱਲੀ ਇਕੱਲੀ ਤਕਨੀਕ ਤੇ ਪਲਾਂਟੇਸ਼ਨ ਦਾ ਖੇਤ ਵਿਜ਼ਿਟ ਕਰਵਾਇਆ । ਏਸ ਫਾਰਮ ਵਿਚ ਜਿੱਥੇ ਦੇਸੀ ਗਾਵਾਂ ਦੀ ਵੱਖ ਵੱਖ ਅਲੋਪ ਹੋ ਰਹੀਆਂ ਪ੍ਰਜਾਤੀਆਂ ਦੇਖਣ ਨੂੰ ਮਿਲੀਆਂ ਉੱਥੇ ਉਨ੍ਹਾਂ ਦੀ ਸਾਂਭ ਸੰਭਾਲ ਗਊ ਦੇ ਮਲ ਮੂਤਰ ਨੂੰ ਵਰਤੋਂ ਵਿਚ ਲਿਆਉਣ ਬਾਰੇ ਸਮਝਾਇਆ । ਉੱਥੇ ਖੇਤ 'ਚ ਤਿੰਨ ਸਾਲ ਤੱਕ ਲਗਾਤਾਰ ਪਾਪੂਲਰ ਦੀ ਕਾਸ਼ਤ ਕਰਨ ਤੇ ਫਾਸਲੇ ਦੇ ਤਰੀਕੇ ਸਮਝਾਏ । ਫਾਰਮ ਤੇ ਲਗਾਏ ਵਿਦੇਸ਼ਾਂ ਤੋਂ ਲਿਆਂਦੇ ਸ਼ੂਗਰ ਗ੍ਰਾਸ ਦੇ ਬੂਟੇ ਵੀ ਕਿਸਾਨ ਭਰਾਵਾਂ ਵੱਲੋਂ ਅਗਾਂਹ ਆਪੋ ਆਪਣੇ ਫਾਰਮ ਤੇ ਫਸਲ ਤਿਆਰ ਕਰਨ ਲਈ ਉਹਨਾਂ ਤੋਂ ਲਿਆਂਦੇ ਗਏ । ਇੰਟਰਕਰੋਪਿੰਗ 'ਚ ਗੰਨੇ ਦੀ ਫਸਲ ਵਿਚ ਸਬਜ਼ੀਆਂ, ਪਿਆਜ਼ ਤੇ ਚਾਰੇ ਤੇ ਹਰੀ ਖਾਦ ਲਗਾਈ ਮੁੱਖ ਸੀ । ਉਹਨਾਂ ਕਿਹਾ ਕਿ ਜੇਕਰ ਛੋਟਾ ਵੀਡਰ ਫਿਰਦਾਦ ਹੈ ਤਾਂ ਠੀਕ ਹੈ ਨਹੀਂ ਤਾਂ ਤੁਸੀਂ ਦਾਤੀ ਨਾਲ ਕੱਟ ਕੇ ਵਿਚੇ ਖੇਤ 'ਚ ਸੁੱਟ ਹਰੀ ਖਾਦ ਲਈ ਲੈ ਸਕਦੇ ਹੋ । ਉਹਨਾਂ ਕਿਹਾ ਕਿ ਫਾਰਮ ਤੋਂ ਬਾਹਰ ਲੋਕਾਂ ਦੁਆਰਾ ਜੰਤਰ ਤੇ ਭਾਂਤ ਭਾਂਤ ਦੀਆਂ ਕੈਮੀਕਲ ਸਪਰੇਅ ਕੀਤੀਆਂ ਜਾਂਦੀਆਂ ਏਥੇ ਕੋਈ ਸੁੰਡੀ ਨਹੀਂ ਪੈਂਦੀ । ਸਾਡੇ ਵਲੋਂ ਵੀ ਤਿਆਰ ਕੀਤੇ ਅਸਤਰ ਦੇ ਘੋਲ ਜਿਸ ਵਿਚ ਅੱਕ ਤੇ ਨਿੰਮ ਦੇ ਤਿਆਰ ਘੋਲ ਦੀ ਸਪਰੇਅ ਕੀਤੀ ਜਾਂਦੀ ਹੈ । ਰਲੇਵੇਂ ਚ ਦਾਲਾਂ ਤੇ ਸਬਜ਼ੀਆਂ ਦੀਆਂ ਫਸਲਾਂ ਵੀ ਦੇਖਣ ਯੋਗ ਸਨ । ਦੇਸੀ ਗਾਵਾਂ ਦੇ ਦੁੱਧ ਦੀ ਗੁੜ ਸ਼ੱਕਰ ਵਾਲੀ ਬਣੀ ਚਾਹ ਦੇ ਵੀ ਕਿਸਾਨ ਵੀਰ ਗੁਣ ਗਾ ਰਹੇ ਸਨ ।

ਫਲਦਾਰ ਬੂਟਿਆਂ ਦੀ ਖੇਤ ਵਿਚ ਇੰਟਰਕਰੋਪਿੰਗ ਅਮਰੂਦ, ਅਨਾਰ ਅਤੇ ਨਾਖਾਂ, ਅੰਬਾਂ ਦੇ ਵਿਉਂਤਬੰਦੀ ਨਾਲ ਲਗਾਏ ਬਾਗ, ਅੰਡਰਗਰਾਊਂਡ ਸਿੰਚਾਈ ਸਿਸਟਮਜ਼, ਜੀਵ ਅੰਮ੍ਰਿਤ ਦੇ ਘੋਲ ਟੈਂਕ, ਦੇਸੀ ਕਿਸਮਾਂ ਦੇ ਬੀਜਾਂ ਨੂੰ ਤਰਜੀਹ, ਸਸਤੀ ਤੇ ਚੱਲਦੀ ਕਬਾੜ ਵਾਲੀ ਪਾਇਪਾਂ ਮੋਟਰਾਂ ਤੋਂ ਡਰਿੱਪ ਸਿਸਟਮਜ਼ ਦਾ ਕੰਮ ਲੈਣਾ ਫਜ਼ੂਲ ਖਰਚੀ ਤੇ ਵਧੇਰੇ ਪਾਣੀ ਤੋਂ ਬਚਾਅ ਵਾਲੀ ਤਕਨੀਕ, ਫਲਦਾਰ ਬੂਟਿਆਂ ਦੀ ਕਾਂਟ ਛਾਂਟ ਪਲੈਨਿੰਗ, ਫਲਦਾਰ ਬੂਟਿਆਂ ਦੇ ਮੁੱਢਾਂ ਨੂੰ ਮਿੱਟੀ ਚੜ੍ਹਾਉਣ ਦੀ ਅਲੱਗ ਤਕਨੀਕ, ਪਾਣੀ ਵਾਲੇ ਖਾਲ ਦੇ ਉਸਾਰੇ ਜਾਣ ਦੇ ਪਹਿਲੂ ਤੇ ਨਜ਼ਰ ਕਿਸਾਨ ਭਰਾਵਾਂ ਲਈ ਬੇਹੱਦ ਸੋਧਕ ਸਨ । ਜੋ ਘੱਟ ਪਾਣੀ ਲੈਣ ਤੇ ਜ਼ਿਆਦਾ ਨਮੀਂ ਦੇਣ ਵਾਲੇ ਸਨ ।

ਉਹਨਾਂ ਵਲੋਂ ਬਣਾਏ ਟਿਊਬਵੈੱਲਾਂ ਦੇ ਘੱਟ ਖਰਚੇ ਦੇ ਘੱਟ ਜਗ੍ਹਾ ਲੈਣ ਤੇ ਬਣਾਏ ਕਮਰੇ ਵੀ ਤਕਨੀਕ ਤੇ ਉਸਾਰੀ ਪੱਖੋਂ ਪ੍ਰਭਾਵਸ਼ਾਲੀ ਸਨ । ਫਾਰਮ ਤੋਂ ਵਾਪਸੀ ਤੇ ਜਾਣ ਲੱਗਿਆ ਡਾ. ਰਾਜਬੀਰ ਸਿੰਘ ਵੱਲੋਂ ਕੁਦਰਤੀ ਖੇਤੀ ਦੀ ਫਸਲਾਂ ਬਾਰੇ ਖੇਤੀ ਲਿਟਰੇਚਰ ਵੀ ਕਿਸਾਨਾਂ ਨੂੰ ਦਿੱਤਾ ਗਿਆ । ਕਿਸਾਨ ਭਰਾਵਾਂ ਵੱਲੋਂ ਵੀ ਉਹਨਾਂ ਨੂੰ ਅਗਲੇ ਦਿਨਾਂ ਵਿਚ ਬਲਾਕ ਕਾਹਨੂੰਵਾਨ ਵਿਖੇ ਕਿਸਾਨ ਸੱਥ ਵਿਚ ਆਉਣ ਲਈ ਜ਼ੋਰਦਾਰ ਸੱਦਾ ਦਿੱਤਾ । ਡਾ. ਰਾਜਬੀਰ ਸਿੰਘ ਹੁਰਾਂ ਨੇ ਉਹਨਾਂ ਨੂੰ ਕਿਹਾ ਕਿ ਮੈਂ ਜ਼ਰੂਰ ਆਵਾਂਗਾ ਤੁਹਾਡੇ ਕੋਲ । ਫਾਰਮ ਵਿਚ ਬਣੇ ਹੱਟ ਵਿਚ ਵੀ ਕਿਸਾਨ ਭਰਾਵਾਂ ਵੱਲੋਂ ਆਪੋ ਆਪਣੇ ਸਵਾਲ ਮਾਸਟਰ ਰਾਜਬੀਰ ਸਿੰਘ ਹੁਰਾਂ ਨੂੰ ਲੰਮੇ ਸਮੇਂ ਤੱਕ ਕੀਤੇ ਗਏ । ਜਿਨ੍ਹਾਂ ਦੇ ਜਵਾਬ ਉਹਨਾਂ ਨੇ ਆਪਣੇ ਦੇਸ਼ ਵਿਦੇਸ਼ ਦੇ ਤਜ਼ਰਬੇ ਨਾਲ ਦਿੱਤੇ ਗਏ । ਚਾਰ ਤੋਂ ਪੰਜ ਘੰਟਿਆਂ ਦਾ ਸਮਾਂ ਬਿਤਾਉਣ ਤੋਂ ਬਾਅਦ ਫਾਰਮ ਤੋਂ ਫਤਿਹ ਬੁਲਾਉਣ ਨਾਲ ਵਾਪਸੀ ਕਾਹਨੂੰਵਾਨ ਨੂੰ ਕੀਤੀ ਗਈ । ਡਾ. ਰਾਜਬੀਰ ਸਿੰਘ ਹੁਰਾਂ ਨੇ ਗੁਰਬਾਣੀ ਦੀ ਗੱਲ ਕਰਦਿਆਂ ਉਨ੍ਹਾਂ ਸਾਰੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬ ਦੇ ਹੁਕਮਾਂ ਨੂੰ ਜ਼ਰੂਰ ਅਰਥ ਵਿਚਾਰ ਨਾਲ ਸਮਝਣ ਤੇ ਉਹਨਾਂ ਕਿਹਾ ਫਸਲੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ਲਈ ਸਾਰੇ ਅੱਗੇ ਆ ਕੇ ਇਕ ਦੂਜੇ ਨੂੰ ਪਿੰਡਾਂ ਵਿਚ ਆਪ ਸਮਝਾਉ । ਉਹਨਾਂ ਕਿਹਾ ਬਹੁਤ ਸਾਰੇ ਸਾਲਾਂ ਤੋਂ ਸਾਡੇ ਫਾਰਮ ਤੇ ਜੀਵ ਤੇ ਹਰੀ ਖਾਦ ਮਿੱਟੀ ਵਿਚ ਰਲਾਉਣ ਕਰਕੇ ਜਿੱਥੇ ਗੰਡੋਏ ਦੀ ਗਿਣਤੀ ਵਧੇਰੇ ਹੈ, ਉੱਥੇ ਅਸੀਂ ਕਦੇ ਵੀ ਖਾਦ ਦੀ ਵਰਤੋਂ ਆਪਣੇ ਖੇਤਾਂ ਵਿਚ ਨਹੀਂ ਕੀਤੀ । ਉਹਨਾਂ ਕਿਹਾ ਕਿ ਆਉ ਮਿੱਤਰ ਕੀੜੇ ਤੇ ਪੰਛੀਆਂ ਨੂੰ ਬਚਾਈਏ ।

ਧੀਰੇ ਕੋਟ ਫਾਰਮ ਤੋਂ ਮੁੜਦਿਆਂ ਕਿਸਾਨ ਭਰਾਵਾਂ ਵੱਲੋਂ ਏਰੀਏ ਦੀ ਨਾਮਵਰ ਫਲ ਫੁੱਲ ਦੀ ਸਿੰਘ ਨਰਸਰੀ ਜੰਡਿਆਲਾ ਗੁਰੂ ਵਿਚੇ ਐਵੋਕੈਡੋ ਤੇ ਪਪੀਤੇ ਦੇ ਫਲ ਬੂਟਿਆਂ ਦੀ ਖਰੀਦ ਕੀਤੀ ਗਈ । ਇਸ ਖੇਤੀ ਟੂਰ ਵਿਚ ਹਾਜ਼ਰ ਕਾਹਨੂੰਵਾਨ ਦੇ ਕਿਸਾਨ ਗੁਰਦੇਵ ਸਿੰਘ ਬਸੰਤਗੜ੍ਹ ਖੇਤੀ ਵਿਭਿੰਨਤਾ ਤੇ ਪ੍ਰੋਸੈਸਿੰਗ ਵਾਲੇ, ਸੁਖਵਿੰਦਰਪਾਲ ਸਿੰਘ ਪਿੰਡ ਕੁੱਲੂ ਸੋਹਲ ਕੁਦਰਤੀ ਖੇਤੀ ਤੇ ਫੂਡ ਪ੍ਰੋਸੈਸਿੰਗ ਵਾਲੇ, ਕੁਲਦੀਪ ਸਿੰਘ ਪਿੰਡ ਠੀਕਰੀਵਾਲ ਗੋਰਾਇਆ ਕੁਦਰਤੀ ਖੇਤੀ ਵਾਲੇ ਸਬਜ਼ੀਆਂ ਦੇ ਕਾਸ਼ਤਕਾਰ, ਗੁਰਦੀਪ ਸਿੰਘ ਪਿੰਡ ਨਾਨੋਵਾਲ ਖੁਰਦ ਦੇ ਕੁਦਰਤੀ ਖੇਤੀ ਵਾਲੇ, ਕੁਲਵਿੰਦਰ ਸਿੰਘ ਪਿੰਡ ਕਿਸ਼ਨਪੁਰ ਕੁਦਰਤੀ ਖੇਤੀ, ਸਾਬਕਾ ਸਰਪੰਚ ਮਨਜੀਤ ਸਿੰਘ ਭਿੰਡਰ ਪਿੰਡ ਮੁੰਨਣ ਕਲਾਂ ਕੁਦਰਤੀ ਖੇਤੀ ਵਾਲੇ, ਹਰਨਾਮ ਸਿੰਘ ਭੈਣੀ ਮੀਆਂ ਖਾਂ ਉਦਯੋਗ ਵਾਲੇ, ਠਾਕੁਰ ਦਲਜੀਤ ਸਿੰਘ ਡਰੈਗਨ ਫਰੂਟ ਦੇ ਕਾਸ਼ਤਕਾਰ, ਕਿਸਾਨ ਆਗੂ ਜਸਪਾਲ ਸਿੰਘ ਖੇਤੀ ਵਿਭਿੰਨਤਾ, ਅਗਾਂਹਵਧੂ ਕਿਸਾਨ ਗੁਰਦੀਪ ਸਿੰਘ ਪਿੰਡ ਕੀੜੀ ਅਫਗਾਨਾ ਅਤੇ ਹੋਰ ਵੀ ਪਿੰਡਾਂ ਦੇ ਕਿਸਾਨ ਵੀਰ ਹਾਜ਼ਰ ਸਨ । ਇਸ ਖੇਤੀ ਟੂਰ ਦੀ ਪ੍ਰਧਾਨਗੀ ਡਾ. ਪ੍ਰਭਜੋਤ ਸਿੰਘ ਡਿਪਟੀ ਪ੍ਰੋਜੈਕਟ ਡਾਇਰੈਕਟਰ ਗੁਰਦਾਸਪੁਰ ਵੱਲੋਂ ਕੀਤੀ ਗਈ । ਕੁੱਲ ਮਿਲਾ ਕੇ ਇਹ ਖੇਤੀ ਟੂਰ ਮੁੱਖ ਖੇਤੀਬਾੜੀ ਅਫਸਰ ਗੁਰਦਾਸਪੁਰ ਡਾ. ਸੁਰਿੰਦਰਪਾਲ ਸਿੰਘ ਵੱਲੋਂ ਭੇਜਿਆ ਟੂਰ ਕਿਸਾਨ ਭਰਾਵਾਂ ਲਈ ਬੇਹੱਦ ਲਾਭਦਾਇਕ ਸਿੱਧ ਹੋਇਆ । ਉਹਨਾਂ ਚੀਫ ਸਾਹਿਬ ਦੇ ਏਸ ਖੇਤੀ ਦੌਰੇ ਕਰਵਾਉਣ ਲਈ ਧੰਨਵਾਦ ਕੀਤਾ । ਖੇਤੀਬਾੜੀ ਵਿਭਾਗ ਕਾਹਨੂੰਵਾਨ ਵੱਲੋਂ ਵੀ ਆਪਣਾ ਕੀਮਤੀ ਸਮਾਂ ਕੱਢ ਕੇ ਆਉਣ ਲਈ ਸਾਰੇ ਕਿਸਾਨ ਵੀਰਾਂ ਦਾ ਧੰਨਵਾਦ ਕੀਤਾ । ਇਹ ਖੇਤੀ ਟੂਰ ਆਤਮਾ ਪ੍ਰਸਾਰ ਦੇ ਸਿਖਲਾਈ ਪ੍ਰੋਗਰਾਮ ਤਹਿਤ ਕੀਤਾ ਗਿਆ ।







# ਮਿੱਟੀ ਪਰਖ ਕਰਵਾਓ, ਲੋੜ ਅਨੁਸਾਰ ਖਾਦਾਂ ਪਾਓ, ਖਰਚੇ ਘਟਾਓ

ਖਾਦਾਂ ਦੀ ਲੋੜ ਤੋਂ ਵੱਧ ਵਰਤੋਂ ਫਸਲਾਂ ਵਿਚ ਬਿਮਾਰੀਆਂ ਅਤੇ ਕੀੜੇ-ਮਕੌੜਿਆ ਦੀ ਭਰਮਾਰ ਨੂੰ ਵਧਾਉਣ ਦੇ ਨਾਲ ਵਾਤਾਵਰਣ ਤੇ ਵੀ ਮਾੜਾ ਅਸਰ ਪਾਉਂਦੀ ਹੈ । ਖਾਦਾਂ ਦੀ ਸੁਚੱਜੀ ਵਰਤੋਂ ਕਰਕੇ ਖੇਤੀ ਖਰਚੇ ਘਟਾਉਣ ਲਈ ਸਮੇਂ-ਸਮੇਂ ਉੱਤੇ ਮਿੱਟੀ ਪਰਖ ਕਰਵਾਉਣਾ ਬਹੁਤ ਜ਼ਰੂਰੀ ਹੈ ।

**ਮਿੱਟੀ ਪਰਖ ਕਰਵਾਉਣ ਦਾ ਸਹੀ ਸਮਾਂ** : ਫਸਲ ਦੀ ਵਾਢੀ ਤੋਂ ਬਾਅਦ ਅਤੇ ਅਗਲੀ ਫਸਲੀ ਬੀਜਣ ਲਈ ਖੇਤਰ ਤਿਆਰ ਕਰਨ ਤੋਂ ਪਹਿਲਾਂ ਦਾ ਹੈ । ਪੰਜਾਬ ਦਾ ਪ੍ਰਮੁੱਖ ਫਸਲੀ ਚੱਕਰ ਝੋਨਾ-ਕਣਕ ਹੈ । ਕਿਸਾਨ ਵੀਰ ਕਣਕ ਦੀ ਵਾਢੀ ਤੋਂ ਬਾਅਦ ਅਤੇ ਝੋਨਾ ਲਾਉਣ ਲਈ ਖੇਤੀ ਤਿਆਰ ਕਰਨ ਤੋਂ ਪਹਿਲਾਂ ਮਿੱਟੀ ਦਾ ਨਮੂਨਾ ਲੈ ਕੇ ਮਿੱਟੀ ਪਰਖ ਕਰਵਾਉਣ ।



**ਖੇਤ ਵਿਚੋ ਮਿੱਟੀ ਦਾ ਨਮੂਨਾ ਲੈਣ ਲਈ** ਜ਼ਮੀਨ ਦੀ ਸਤਹਿ ਤੋਂ ਘਾਹ-ਫੂਸ ਸਾਫ ਕਰਨ ਉਪਰੰਤ ਅੰਗਰੇਜ਼ੀ ਦੇ ਅੱਖਰ 'V' ਦੀ ਸ਼ਕਲ ਦਾ 6 ਇੰਚ ਡੂੰਘਾ ਟੋਆ ਪੁੱਟੋ । ਇਸ ਟੋਏ ਦੇ ਸਿੱਧੇ ਪਾਸਿਓਂ ਇਕ ਇੰਚ ਮਿੱਟੀ ਦੀ ਤਹਿ ਉੱਪਰ ਤੋਂ ਹੇਠਾਂ ਵੱਲ ਨੂੰ ਜਾਂਦੇ ਹੋਏ ਇੱਕਸਾਰ ਕੱਟੋ । ਇਸ ਤਰ੍ਹਾਂ ਖੇਤ ਵਿੱਚੋਂ 7-8 ਥਾਵਾਂ ਤੋਂ ਮਿੱਟੀ ਦੇ ਨਮੂਨੇ ਲਵੋ । ਸਾਰੇ ਨਮੂਨਿਆਂ ਨੂੰ ਸਾਫ ਬਰਤਨ ਵਿਚ ਪਾ ਕੇ ਚੰਗੀ ਤਰ੍ਹਾਂ ਰਲਾਓ । ਰਲੀ ਹੋਈ ਮਿੱਟੀ ਵਿੱਚੋਂ ਅੱਧਾ ਕਿਲੋ ਮਿੱਟੀ ਨੂੰ ਇਕ ਸਾਫ ਥੈਲੀ ਵਿਚ ਪਾਓ ਅਤੇ ਥੈਲੀ ਉੱਤੇ ਜ਼ਰੂਰੀ ਜਾਣਕਾਰੀ ਜਿਵੇਂ ਆਪਣਾ ਨਾਮ ਅਤੇ ਪਤਾ, ਖੇਤ ਨੰਬਰ, ਨਮੂਨਾ ਲੈਣ ਦੀ ਮਿਤੀ, ਕੋਈ ਖਾਸ ਸਮੱਸਿਆ (ਜੇਕਰ ਹੋਵੇ) ਆਦਿ ਲਿਖੋ । ਇਸ ਗੱਲ ਦਾ ਧਿਆਨ ਰੱਖੋ ਕਿ ਖੇਤ ਵਿਚ ਜਿੱਥੇ ਰੂੜੀ ਸੰਭਾਲੀ ਹੋਵੇ, ਦਰਖਤਾਂ ਦੇ ਥੱਲਿਓਂ, ਵੱਟਾਂ ਦੇ ਕੋਲੋਂ ਅਤੇ ਟਿਊਬਵੈੱਲ ਦੇ ਨੇੜਿਓਂ ਨਮੂਨਾ ਨਾ ਲਵੋ ।

**ਮਿੱਟੀ ਦੇ ਨਮੂਨੇ ਦੀ ਪਰਖ** ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਭੂਮੀ ਵਿਭਾਗ ਜਾਂ ਯੂਨੀਵਰਸਿਟੀ ਦੇ ਖੋਜ ਕੇਂਦਰਾਂ ਅਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਖੇ ਸਥਿਤ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਤੋਂ ਕਰਵਾਈ ਜਾ ਸਕਦੀ ਹੈ । ਇਸ ਤੋਂ ਇਲਾਵਾ ਮਾਰਕਫੈੱਡ ਜਾਂ ਪੰਜਾਬ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਮਿੱਟੀ ਪਰਖ ਪ੍ਰਯੋਗਸ਼ਾਲਾਵਾਂ ਤੋਂ ਵੀ ਮਿੱਟੀ ਦੀ ਪਰਖ ਕਰਵਾਈ ਜਾ ਸਕਦੀ ਹੈ ।

**ਮਨਜੀਤ ਕੌਰ ਅਤੇ ਵਿਵੇਕ ਕੁਮਾਰ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ**
**ਮੋਬਾਇਲ : 86290-03085**

RNI/42269/83

# ਵਿਸ਼ਾਲ ਆਕਾਰ ਦੇ ਕੱਛੂਕੁੰਮੇ



ਸੈਸ਼ਲਸ : ਵਿਕਟੋਰੀਆ ਸ਼ਹਿਰ ਦੇ ਚਿੜੀਆਘਰ ਵਿੱਚ ਵਿਸ਼ਾਲ ਆਕਾਰ ਦੇ ਕੱਛੂਕੁੰਮਿਆਂ ਨੂੰ ਦੇਖਦੇ ਸੈਲਾਨੀ ।

# ਝੋਨੇ ਦੀ ਪਨੀਰੀ ਦੀ ਬਿਜਾਈ ਤੋਂ ਬਾਅਦ ਸਾਂਭ-ਸੰਭਾਲ

**ਖਾਦਾਂ ਦੀ ਵਰਤੋਂ** : ਪਨੀਰੀ ਬੀਜਣ ਤੋਂ 15 ਦਿਨ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਹੋਰ ਪਾਓ ਤਾਂ ਜੋ 25-30 ਦਿਨਾਂ ਦੀ ਪਨੀਰੀ ਲਾਉਣ ਲਈ ਤਿਆਰ ਹੋ ਜਾਵੇ । ਜੇਕਰ ਕਿਸੇ ਕਾਰਨ ਕਰਕੇ 45 ਦਿਨਾਂ ਤੋਂ ਵੱਧ ਉਮਰ ਦੀ ਪਨੀਰੀ ਲਾਉਣ ਦੀ ਲੋੜ ਪੈਂਦੀ ਹੈ ਤਾਂ ਬਿਜਾਈ ਤੋਂ 4 ਹਫਤੇ ਬਾਅਦ 26 ਕਿਲੋ ਯੂਰੀਆ ਪ੍ਰਤੀ ਏਕੜ ਦੀ ਇਕ ਹੋਰ ਕਿਸ਼ਤ ਪਾਉ । ਜੇਕਰ ਪਨੀਰੀ ਵਿਚ ਕਿਸੇ ਕੀੜੇ ਜਾਂ ਬਿਮਾਰੀ ਦਾ ਹਮਲਾ ਦਿਸੇ ਤਾਂ ਸਿਫਾਰਸ਼ ਕੀਤੇ ਢੰਗ ਵਰਤੋਂ । ਪਨੀਰੀ ਨੂੰ ਲਗਾਤਾਰ ਪਾਣੀ ਦਿੰਦੇ ਰਹੋ । ਜਦ ਪਨੀਰੀ 20-25 ਸੈਂਟੀਮੀਟਰ ਉੱਚੀ ਜਾਂ 6-7 ਪੱਤਿਆਂ ਵਾਲੀ ਹੋ ਜਾਵੇ ਤਾਂ ਸਮਝੋ ਪਨੀਰੀ ਲਾਉਣ ਲਈ ਤਿਆਰ ਹੈ ।



**ਤੱਤਾਂ ਦੀ ਘਾਟ** : ਜੇਕਰ ਪਨੀਰੀ ਦੇ ਨਵੇਂ ਪੱਤੇ ਹਲਕੇ ਪੀਲੇ ਪੈ ਜਾਣ ਤਾਂ ਫੈਰਸ ਸਲਫੇਟ ਦੇ 3 ਛਿੜਕਾਅ ਹਫਤੇ-ਹਫਤੇ ਦੇ ਫਰਕ ਤੇ ਕਰੋ । ਇਸ ਛਿੜਕਾਅ ਲਈ ਫੈਰਸ ਸਲਫੇਟ ਦਾ 0.5-1.0 ਪ੍ਰਤੀਸ਼ਤ (ਅੱਧੇ ਤੋਂ ਇਕ ਕਿਲੋ ਫੈਰਸ ਸਲਫੇਟ ਅਤੇ 100 ਲਿਟਰ ਪਾਣੀ ਪ੍ਰਤੀ ਏਕੜ) ਘੋਲ ਵਰਤੋ । ਜੇਕਰ ਪਨੀਰੀ ਤੇ ਜ਼ਿੰਕ ਦੀ ਘਾਟ ਜਾਪੇ (ਪੱਤੇ ਜੰਗਾਲੇ ਦਿਖਣ) ਤਾਂ 0.5 ਪ੍ਰਤੀਸ਼ਤ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਦਾ (ਅੱਧਾ ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡ੍ਰੇਟ ਅਤੇ 100 ਲਿਟਰ ਪਾਣੀ) ਜਾਂ 0.3 ਪ੍ਰਤੀਸ਼ਤ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (300 ਗ੍ਰਾਮ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ ਅਤੇ 100 ਲਿਟਰ ਪਾਣੀ) ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ ।

**ਨਦੀਨਾਂ ਦੀ ਰੋਕਥਾਮ** : ਝੋਨੇ ਦੀ ਪਨੀਰੀ ਤਿਆਰ ਕਰਨ ਸਮੇਂ ਸੁਆਂਕ ਅਤੇ ਕਈ ਤਰ੍ਹਾਂ ਦੇ ਮੌਸਮੀ ਘਾਹ ਵੱਡੀ ਸਮੱਸਿਆ ਹੁੰਦੇ ਹਨ । ਇਹਨਾਂ ਨਦੀਨਾਂ ਦੀ ਰੋਕਥਾਮ ਲਈ ਪ੍ਰਤੀ ਏਕੜ 1200 ਮਿਲੀਲਿਟਰ ਬੂਟਾਕਲੋਰ 50 ਈ ਸੀ ਦੇ ਸਿਫਾਰਿਸ਼ ਕੀਤੇ ਵੱਖ ਵੱਖ ਬਰਾਂਡਾਂ ਵਿੱਚੋਂ ਕਿਸੇ ਇਕ ਨੂੰ 60 ਕਿਲੋ ਰੇਤ ਵਿਚ ਮਿਲਾ ਕੇ ਬਿਜਾਈ ਤੋਂ 7 ਦਿਨਾਂ ਪਿੱਛੋਂ ਛੱਟਾ ਦਿਉ ਜਾਂ 500 ਮਿਲੀਲਿਟਰ ਸੋਫਿਟ 37.5 ਈ ਸੀ (ਪ੍ਰੈਟੀਲਾਕਲੋਰ+ਸੇਫਨਰ ਮਿਲੀਆਂ ਹੋਈਆਂ) ਨੂੰ ਰੇਤ ਵਿਚ ਮਿਲਾ ਕੇ ਬਿਜਾਈ ਤੋਂ 3 ਦਿਨਾਂ ਪਿੱਛੋਂ ਛੱਟਾ ਦਿਉ । ਜੇਕਰ ਪਨੀਰੀ ਵਿਚ 15-20 ਦਿਨਾਂ ਬਾਅਦ ਮੋਥਾ ਜਾਂ ਸੁਆਂਕ ਵਰਗੇ ਨਦੀਨ ਦਿਖਣ ਤਾਂ 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀ ਗੋਲਡ/ਵਾਸ਼ ਆਊਟ/ਮਾਚੋ/ਤਾਰਕ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿਚ ਘੋਲ ਕੇ ਛਿੜਕਾਅ ਕਰੋ । ਪਨੀਰੀ ਨੂੰ ਪਾਣੀ ਛਿੜਕਾਅ ਤੋਂ ਅਗਲੇ ਦਿਨ ਲਗਾਓ ।

**ਅਮਿਤ ਕੌਲ ਅਤੇ ਰਮਿੰਦਰ ਸਿੰਘ ਘੁੰਮਣ,**
**ਫਸਲ ਵਿਗਿਆਨ ਵਿਭਾਗ, ਪੀ. ਏ. ਯੂ.,**
**ਲੁਧਿਆਣਾ** (ਮੋ.81464-00233

# ਦੁਰਲੱਭ 'ਨੂਰਜਹਾਂ ਅੰਬ' ਦੇ ਬਚੇ ਹਨ ਸਿਰਫ 10 ਦਰੱਖਤ

ਮੱਧ ਪ੍ਰਦੇਸ਼ ਦੇ ਅਲੀਰਾਜ ਜ਼ਿਲ੍ਹੇ ਦੇ ਕੱਠੀਵਾੜਾ ਖੇਤਰ ਦੇ ਦੁਰਲੱਭ 'ਨੂਰਜਹਾਂ' ਅੰਬ ਦੇ ਗਿਣੇ-ਚੁਣੇ ਦਰੱਖਤ ਬਚੇ ਹਨ । ਇਸ ਤੋਂ ਚਿੰਤਤ ਅਧਿਕਾਰੀ ਹੁਣ ਅੰਬ ਦੀ ਖਾਸ ਕਿਸਮ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਬਚਾਉਣ ਲਈ ਇਸ ਦੇ ਦਰੱਖਤਾਂ ਦੀ ਗਿਣਤੀ ਵਧਾਉਣ ਦੇ ਵਿਗਿਆਨਿਕ ਯਤਨ ਕਰਨ 'ਚ ਰੁੱਝ ਗਏ ਹਨ । ਅਫਗਾਨ ਮੂਲ ਦੀ ਮੰਨੀ ਜਾਣ ਵਾਲੀ ਨੂਰਜਹਾਂ ਅੰਬ ਦੀ ਕਿਸਮ ਆਪਣੇ ਵੱਡੇ ਆਕਾਰ ਲਈ ਜਾਣੀ ਜਾਂਦੀ ਹੈ, ਜਿਸ ਦਾ ਭਾਰ 3.5 ਤੋਂ 4.5 ਕਿਲੋਗ੍ਰਾਮ ਦਰਮਿਆਨ ਹੁੰਦਾ ਹੈ । ਨਾਲ ਹੀ ਬਾਜ਼ਾਰ 'ਚ ਕੀਮਤ 1000 ਰੁਪਏ ਤੋਂ ਲੈ ਕੇ 1200 ਰੁਪਏ ਪ੍ਰਤੀ ਕਿਲੋ ਤਕ ਹੁੰਦੀ ਹੈ ।



ਇੰਦੌਰ ਸੰਭਾਗ ਦੇ ਕਮਿਸ਼ਨਰ (ਮਾਲੀਆ) ਦੀਪਕ ਸਿੰਘ ਨੇ ਇਥੇ ਬਾਗਵਾਨੀ ਵਿਭਾਗ ਦੀ ਇਕ ਬੈਠਕ ਦੌਰਾਨ ਕਿਹਾ, ਅਲੀਰਾਜਪੁਰ ਜ਼ਿਲ੍ਹੇ ਦੇ ਕੱਟਠੀਵਾੜਾ ਖੇਤਰ 'ਚ ਨੂਰਜਹਾਂ ਦੇ ਸਰਪ੍ਰਸਤ ਲਈ ਵਿਗਿਆਨਕ ਯਤਨ ਤੇਜ਼ ਕੀਤੇ ਜਾਣੇ ਚਾਹੀਦੇ ਹਨ । ਉਨ੍ਹਾਂ ਨੇ ਅਲੀਰਾਜਪੁਰ ਜ਼ਿਲ੍ਹੇ 'ਚ ਅੰਬ ਦੇ ਦਰੱਖਤਾਂ ਦੀ ਘਟਦੀ ਗਿਣਤੀ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਵਣ ਵਿਭਾਗ ਨੂੰ ਟਿਸ਼ੂ ਕਲਚਰ ਦੀ ਮਦਦ ਨਾਲ ਨੂਰਜਹਾਂ ਦੇ ਨਵੇਂ ਪੌਦੇ ਤਿਆਰ ਕਰਨ ਦੇ ਨਿਰਦੇਸ਼ ਦਿੱਤੇ ।

ਅਲੀਰਾਜਪੁਰ ਖੇਤੀ ਵਿਗਿਆਨ ਕੇਂਦਰ ਦੇ ਪ੍ਰਮੁੱਖ ਡਾ. ਆਰ. ਕੇ ਯਾਦਵ ਨੇ ਦੱਸਿਆ, ਨੂਰਜਹਾਂ ਅੰਬ ਦੇ ਸਿਰਫ 10 ਫਲ ਦੇਣ ਵਾਲੇ ਦਰੱਖਤ ਬਚੇ ਹਨ । ਅਸੀਂ ਹਾਰ ਨਹੀਂ ਮੰਨੀ ਹੈ । ਅਸੀਂ ਅਗਲੇ ਪੰਜ ਸਾਲਾਂ 'ਚ ਪੌਦਾਰੋਪਣ ਕਰ ਕੇ ਇਨ੍ਹਾਂ ਦੀ ਗਿਣਤੀ 200 ਤੱਕ ਪਹੁੰਚਾਉਣ ਦਾ ਯਤਨ ਕਰ ਰਹੇ ਹਾਂ । ਅਸੀਂ ਇਸ ਕਿਸਮ ਨੂੰ ਅਲੋਪ ਨਹੀਂ ਹੋਣ ਦਿਆਂਗੇ ।

ਉਨ੍ਹਾਂ ਦੇ ਕਿਹਾ ਕਿ ਕੁਝ ਦਹਾਕੇ ਪਹਿਲਾਂ ਨੂਰਜਹਾਂ ਅੰਬ ਦਾ ਜ਼ਿਆਦਾ ਭਾਰ 4.5 ਕਿਲੋਗ੍ਰਾਮ ਤੱਕ ਹੁੰਦਾ ਸੀ, ਜੋ ਹੁਣ ਘੱਟ ਕੇ 3.5 ਤੋਂ 3.8 ਕਿਲੋਗ੍ਰਾਮ ਦਰਮਿਆਨ ਰਹਿ ਗਿਆ ਹੈ । ਨੂਰਜਹਾਂ ਦੇ ਤਿੰਨ ਦਰੱਖਤਾਂ ਦੇ ਮਾਲਕ ਅੰਬ ਉਤਪਾਦਕ ਸ਼ਿਵਰਾਜ ਸਿੰਘ ਜਾਧਵ ਨੇ ਦੱਸਿਆ, ਇਸ ਵਾਰ ਪੈਦਾਵਾਰ ਘੱਟ ਹੈ । ਮੇਰੇ ਤਿੰਨ ਦਰੱਖਤਾਂ ਤੋਂ ਸਿਰਫ 20 ਅੰਬ ਨਿਕਲੇ । ਬੇ-ਮੌਸਮੀ ਬਾਰਿਸ਼ ਅਤੇ ਤੂਫਾਨ ਨਾਲ ਪੈਦਾਵਾਰ 'ਤੇ ਬੁਰਾ ਅਸਰ ਪਿਆ ਹੈ ।

ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੇ ਬਗੀਚੇ 'ਚ ਪਿਛਲੇ ਸਾਲ ਸਭ ਤੋਂ ਭਾਰੀ 3.8 ਕਿਲੋਗ੍ਰਾਮ ਦਾ ਨੂਰਜਹਾਂ ਅੰਬ ਪੈਦਾ ਹੋਇਆ ਸੀ । ਜਿਸ ਨਾਲ ਉਨ੍ਹਾਂ ਨੇ 2000 ਰੁਪਏ ਮਿਲੇ ਸਨ । ਕਿਸਾਨ ਜਾਧਵ ਨੇ ਕਿਹਾ, 'ਨੂਰਜਹਾਂ ਕਿਸਮ ਦੇ ਦਰੱਖਤ ਜਨਵਰੀ 'ਚ ਬੂਰ ਆਉਣੇ ਸ਼ੁਰੂ ਹੋ ਜਾਂਦੇ ਹਨ ਅਤੇ ਅੰਬ ਜੂਨ 'ਚ ਪੱਕਣ ਤੋਂ ਬਾਅਦ ਅੰਬ ਬਾਜ਼ਾਰ 'ਚ ਵਿਕਰੀ ਲਈ ਆਉਂਦੇ ਹਨ ।




ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ

ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।

Excellence in Agri info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com